# Sunday Samaj Weekly

Vol :16 : # 645: 22/02/2026 - 28/02/2026 www.samajweekly.com samajweekly @samajweekly

Punjabi, Hindi & English Newspaper- Uk&Eu Edition

# ਮੁੜ ਪਲਟੇ ਟਰੰਪ, ਟੈਰਿਫ 15 ਫ਼ੀਸਦ ਕੀਤਾ

## ਪਹਿਲਾਂ ਲਾਇਆ ਸੀ 10 ਫ਼ੀਸਦ ਆਲਮੀ ਟੈਰਿਫ; ਰਾਸ਼ਟਰਪਤੀ ਨੇ ਅਮਰੀਕੀ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਹਾਸੋ-ਹੀਣਾ ਦੱਸਿਆ




**ਵਾਸ਼ਿੰਗਟਨ।** ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਐਲਾਨ ਕੀਤਾ ਕਿ ਉਹ ਆਲਮੀ ਟੈਰਿਫ, ਜੋ ਉਹ ਲਾਉਣਾ ਚਾਹੁੰਦੇ ਹਨ, ਵਧਾ ਕੇ 15 ਫ਼ੀਸਦ ਕਰ ਰਹੇ ਹਨ। ਇਹ ਇੱਕ ਦਿਨ ਪਹਿਲਾਂ ਐਲਾਨੇ 10 ਫ਼ੀਸਦ ਟੈਰਿਫ ਤੋਂ ਵੱਧ ਹੈ। ਉਨ੍ਹਾਂ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਹ ਇਹ ਫ਼ੈਸਲਾ ਅਮਰੀਕੀ ਸੁਪਰੀਮ ਕੋਰਟ ਵੱਲੋਂ ਕੱਲ੍ਹ ਟੈਰਿਫਾਂ ਬਾਰੇ ਸੁਣਾਏ ਗਏ 'ਹਾਸੋ-ਹੀਣੇ ਤੇ ਅਸਧਾਰਨ ਤੌਰ 'ਤੇ ਅਮਰੀਕਾ ਵਿਰੋਧੀ ਫ਼ੈਸਲੇ' ਦੀ ਪੂਰੀ ਅਤੇ ਵਿਸਤਾਰਤ ਸਮੀਖਿਆ ਦੇ ਆਧਾਰ 'ਤੇ ਲੈ ਰਹੇ ਹਨ।ਅਦਾਲਤ ਵੱਲੋਂ ਇਹ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਕਿ ਰਾਸ਼ਟਰਪਤੀ ਕੋਲ ਕੋਈ ਵੀ ਵਿਆਪਕ ਟੈਰਿਫ ਲਗਾਉਣ ਦੀ ਐਮਰਜੈਂਸੀ ਸ਼ਕਤੀ ਨਹੀਂ ਹੈ, ਟਰੰਪ ਨੇ ਲੰਘੀ ਰਾਤ ਕਾਰਜਕਾਰੀ ਹੁਕਮ 'ਤੇ ਦਸਤਖ਼ਤ ਕੀਤੇ ਸਨ ਜਿਸ ਤਹਿਤ ਉਨ੍ਹਾਂ 10 ਫੀਸਦ ਆਲਮੀ ਟੈਰਿਫ ਲਾਇਆ ਸੀ ਅਤੇ ਇਸ ਤਹਿਤ ਭਾਰਤ 'ਤੇ ਵੀ 18 ਦੀ ਥਾਂ 10 ਫ਼ੀਸਦ ਟੈਰਿਫ ਲਾਗੂ ਹੋਣਾ ਸੀ। ਇਸ ਸਬੰਧੀ ਐਲਾਨ 'ਚ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕਾ 'ਚ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 150 ਦਿਨਾਂ ਦੀ ਮਿਆਦ ਲਈ ਮੁੱਲ ਆਧਾਰ 'ਤੇ 10 ਫ਼ੀਸਦ ਆਰਜ਼ੀ ਦਰਾਮਦ ਟੈਰਿਫ ਲਗਾ ਰਹੇ ਹਨ, ਜੋ 24 ਫਰਵਰੀ ਤੋਂ ਲਾਗੂ ਹੋਵੇਗਾ। ਦੁਨੀਆ ਭਰ ਦੇ ਮੁਲਕਾਂ 'ਤੇ ਇਹ ਨਵਾਂ 10 ਫ਼ੀਸਦ ਟੈਰਿਫ ਲਾਗੂ ਹੋਣ ਨਾਲ ਅਮਰੀਕਾ 'ਚ ਦਰਾਮਦ ਹੁੰਦੀਆਂ ਭਾਰਤੀ ਵਸਤਾਂ 'ਤੇ ਹੁਣ ਉਹ 18 ਫ਼ੀਸਦ ਟੈਰਿਫ ਲਾਗੂ ਨਹੀਂ ਹੋਵੇਗਾ, ਜੋ ਭਾਰਤ ਤੇ ਅਮਰੀਕਾ ਦਰਮਿਆਨ ਅੰਤਰਿਮ ਵਪਾਰ ਸਮਝੌਤੇ ਦੇ ਢਾਂਚੇ ਦੇ ਐਲਾਨ ਤੋਂ ਬਾਅਦ ਤੈਅ ਕੀਤਾ ਗਿਆ ਸੀ। ਅਦਾਲਤ ਦੇ ਫੈਸਲੇ ਤੋਂ ਬਾਅਦ ਟਰੰਪ ਨੇ ਐਲਾਨਨਾਮੇ 'ਤੇ ਦਸਤਖ਼ਤ ਕੀਤੇ, ਜਿਸ ਵਿੱਚ ਕਿਹਾ ਗਿਆ ਕਿ 'ਬੁਨਿਆਦੀ ਕੌਮਾਂਤਰੀ ਭੁਗਤਾਨ ਸਮੱਸਿਆਵਾਂ ਨਾਲ ਨਜਿੱਠਣ ਅਤੇ ਅਮਰੀਕੀ ਕਾਮਿਆਂ, ਕਿਸਾਨਾਂ ਅਤੇ ਨਿਰਮਾਤਾਵਾਂ ਦੇ ਹਿੱਤ ਵਿੱਚ ਸਾਡੇ ਵਪਾਰਕ ਸਬੰਧਾਂ ਨੂੰ ਮੁੜ ਤਵਾਜ਼ਨ ਵਾਲੇ ਬਣਾਉਣ ਲਈ ਆਰਜ਼ੀ ਦਰਾਮਦ ਡਿਊਟੀ (ਟੈਰਿਫ) ਲਗਾਈ ਜਾ ਰਹੀ ਹੈ।'' ਟਰੁੱਥ ਸੋਸ਼ਲ 'ਤੇ ਪਾਈ ਪੋਸਟ 'ਚ ਇਹ ਐਲਾਨ ਸਾਂਝਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ, ''ਓਵਲ ਦਫ਼ਤਰ ਤੋਂ ਸਾਰੇ ਦੇਸ਼ਾਂ 'ਤੇ 10 ਫ਼ੀਸਦ ਆਲਮੀ ਟੈਰਿਫ ਲਾਗੂ ਕਰਨਾ ਮੇਰੇ ਲਈ ਵੱਡਾ ਸਨਮਾਨ ਹੈ, ਜੋ ਤੁਰੰਤ ਲਾਗੂ ਹੋਵੇਗਾ। ਇਸ ਮਾਮਲੇ 'ਤੇ ਧਿਆਨ ਦੇਣ ਲਈ ਧੰਨਵਾਦ।'

# ਠੋਸ ਕੂੜਾ ਪ੍ਰਬੰਧਨ ਨਿਯਮਾਂ ਦੀ ਅਸਮਾਨ ਪਾਲਣਾ ਉਤੇ ਚਿੰਤਤ ਸੁਪਰੀਮ ਕੋਰਟ

**ਨਵੀਂ ਦਿੱਲੀ ।** ਭਾਰਤ ਵਿਚ ਠੋਸ ਕੂੜਾ ਪ੍ਰਬੰਧਨ ਨਿਯਮ, 2026 ਦੀ ਅਸਮਾਨ ਪਾਲਣਾ ਉਤੇ ਚਿੰਤਾ ਜ਼ਾਹਰ ਕਰਦਿਆਂ ਸੁਪਰੀਮ ਕੋਰਟ ਨੇ ਦੇਸ਼-ਪੱਧਰੀ ਹਦਾਇਤਾਂ ਜਾਰੀ ਕੀਤੀਆਂ ਹਨ। ਅਦਾਲਤ ਨੇ ਕਿਹਾ ਕਿ ਸਾਫ਼-ਸੁਥਰਾ ਤੇ ਸਿਹਤਮੰਦ ਵਾਤਾਵਰਣ ਜੀਵਨ ਦੇ ਅਧਿਕਾਰ ਦਾ ਅਟੁੱਟ ਹਿੱਸਾ ਹੈ ਅਤੇ ਇਸ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਅਦਾਲਤ ਨੇ ਕਿਹਾ ਕਿ ਮੌਜੂਦਾ ਪੀੜ੍ਹੀ ਕਾਨੂੰਨਾਂ 'ਚ ਹੋਰ ਸੁਧਾਰ ਕੀਤੇ ਜਾਣ ਦੀ ਉਡੀਕ ਨਹੀਂ ਕਰ ਸਕਦੀ, ਜਦੋਂ ਮੌਜੂਦਾ ਕਾਨੂੰਨਾਂ ਦੀ ਪਾਲਣਾ ਵੀ ਨਹੀਂ ਹੋ ਸਕੀ ਹੈ।ਜਸਟਿਸ ਪੰਕਜ ਮਿਥਲ ਅਤੇ ਐਸ. ਵੀ. ਐਨ. ਭੱਟੀ ਦੀ ਬੈਂਚ ਨੇ ਕਿਹਾ, ''ਇਹ ਹੁਣ ਜਾਂ ਕਦੇ ਨਹੀਂ ਦੀ ਗੱਲ ਹੋ ਗਈ ਹੈ। ਹਰ ਹਿੱਸੇਦਾਰ ਦੀ ਜ਼ਿੰਮੇਵਾਰੀ ਹੈ ਕਿ ਕੂੜਾ-ਮੁਕਤ ਭਾਰਤ ਦਾ ਸੁਪਨਾ



ਸਾਕਾਰ ਹੋਵੇ।'' ਅਦਾਲਤ ਨੇ ਸਾਰੇ ਨਗਰ ਨਿਗਮਾਂ, ਪੰਚਾਇਤਾਂ ਅਤੇ ਸਥਾਨਕ ਸੰਸਥਾਵਾਂ ਨੂੰ ਹੁਕਮ ਦਿਤਾ ਕਿ 31 ਮਾਰਚ ਤਕ ਪੂਰੀ ਤਰ੍ਹਾਂ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।ਫ਼ੈਸਲੇ ਵਿਚ ਜ਼ਿਲ੍ਹਾ ਕਲੈਕਟਰਾਂ ਨੂੰ ਨਿਗਰਾਨੀ ਦਾ ਅਧਿਕਾਰ ਦਿਤਾ ਗਿਆ ਹੈ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਤਸਵੀਰੀ ਸਬੂਤਾਂ ਸਮੇਤ ਰੀਪੋਰਟਾਂ ਭੇਜਣ। ਅਦਾਲਤ ਨੇ ਚੇਤਾਵਨੀ ਦਿਤੀ ਕਿ ਨਿਯਮਾਂ ਦੀ ਉਲੰਘਣਾ ਹੁਣ ਸਿਰਫ਼ ਪ੍ਰਸ਼ਾਸਕੀ ਲਾਪਰਵਾਹੀ ਨਹੀਂ ਮੰਨੀ ਜਾਵੇਗੀ, ਸਗੋਂ ਇਸ ਉਤੇ ਜੁਰਮਾਨੇ ਅਤੇ ਫੌਜਦਾਰੀ ਕਾਰਵਾਈ ਵੀ ਹੋ ਸਕਦੀ ਹੈ।ਬੈਂਚ ਨੇ ਇਹ ਵੀ ਕਿਹਾ ਕਿ ਸਕੂਲੀ ਪਾਠਕ੍ਰਮ ਵਿਚ ਕੂੜਾ ਪ੍ਰਬੰਧਨ ਦੀ ਸਿੱਖਿਆ ਸ਼ਾਮਲ ਕੀਤੀ ਜਾਵੇ ਅਤੇ ਹਰ ਘਰ ਵਿਚ ਕੂੜੇ ਦੀ ਵੱਖ-ਵੱਖ ਵਰਗੀਕਰਨ (ਗੀਲਾ, ਸੁੱਕਾ, ਖ਼ਤਰਨਾਕ) ਲਾਜ਼ਮੀ ਬਣਾਇਆ ਜਾਵੇ। ਅਦਾਲਤ ਨੇ ਜ਼ੋਰ ਦਿਤਾ, ''ਹਰ ਨਾਗਰਿਕ ਨੂੰ ਅਪਣੇ ਵਾਰਡ ਵਿਚ ਸ਼ਾਮਲ ਕਰਨਾ ਚੁਣੇ ਹੋਏ ਪ੍ਰਤਿਨਿਧੀਆਂ ਦੀ ਕਾਨੂੰਨੀ ਜ਼ਿੰਮੇਵਾਰੀ ਹੈ।''

# ਅਮਰੀਕੀ ਰਾਸ਼ਟਰਪਤੀ ਦਾ ਨਵਾਂ ਐਲਾਨ, ਸੁਪਰੀਮ ਕੋਰਟ 'ਚ ਹਾਰ ਮਗਰੋਂ ਲਾਏ ਨਵੇਂ ਟੈਰਿਫ਼ ਨੂੰ ਵਧਾ ਕੇ 15% ਕਰਨ ਦਾ ਐਲਾਨ ਕੀਤਾ

**ਵਾਸ਼ਿੰਗਟਨ :** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਉਹ ਆਲਮੀ ਟੈਰਿਫ ਨੂੰ ਵਧਾ ਕੇ 15 ਫ਼ੀ ਸਦੀ ਕਰ ਰਹੇ ਹਨ, ਜੋ ਉਨ੍ਹਾਂ ਨੇ ਇਕ ਦਿਨ ਪਹਿਲਾਂ 10 ਫ਼ੀ ਸਦੀ ਲਗਾਉਣ ਦਾ ਐਲਾਨ ਕੀਤਾ ਸੀ। ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ ਕਿ ਉਹ ਇਹ ਫੈਸਲਾ ਅਮਰੀਕੀ ਸੁਪਰੀਮ ਕੋਰਟ ਵਲੋਂ ਕੱਲ੍ਹ ਜਾਰੀ ਕੀਤੇ ਗਏ ਟੈਰਿਫ 'ਤੇ ਹਾਸੋਹੀਣੇ, ਮਾੜੇ ਢੰਗ ਨਾਲ ਲਿਖੇ ਗਏ ਅਤੇ ਅਸਧਾਰਨ ਤੌਰ 'ਤੇ ਅਮਰੀਕਾ ਵਿਰੋਧੀ ਫੈਸਲੇ ਦੀ ਸੰਪੂਰਨ,



ਵਿਸਤ੍ਰਿਤ ਅਤੇ ਪੂਰੀ ਸਮੀਖਿਆ ਦੇ ਆਧਾਰ 'ਤੇ ਲੈ ਰਹੇ ਹਨ। ਅਦਾਲਤ ਦੇ ਫੈਸਲੇ ਤੋਂ ਬਾਅਦ ਟਰੰਪ ਨੇ ਸ਼ੁੱਕਰਵਾਰ ਰਾਤ ਨੂੰ ਇਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ, ਜਿਸ ਨਾਲ ਉਹ ਕਾਂਗਰਸ ਨੂੰ ਬਾਈਪਾਸ ਕਰ ਸਕਣ ਅਤੇ ਦੁਨੀਆ ਭਰ ਤੋਂ ਆਯਾਤ 'ਤੇ 10 ਫ਼ੀ ਸਦੀ ਟੈਕਸ ਲਗਾ ਸਕਣ। ਹਾਲਾਂਕਿ ਇਹ ਟੈਰਿਫ ਸਿਰਫ 150 ਦਿਨਾਂ ਤੱਕ ਸੀਮਤ ਹੋਣਗੇ, ਜਦੋਂ ਤੱਕ ਉਨ੍ਹਾਂ ਨੂੰ ਵਿਧਾਨਕ ਤੌਰ 'ਤੇ ਨਹੀਂ ਵਧਾਇਆ ਜਾਂਦਾ।

# ਸਾਰੀਆਂ ਭਾਸ਼ਾਵਾਂ ਬਰਾਬਰ ਸਤਿਕਾਰ ਯੋਗ ਹਨ: ਮਮਤਾ ਬੈਨਰਜੀ

**ਕੋਲਕਾਤਾ ।** ਪਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸਨਿਚਰਵਾਰ ਨੂੰ ਕੌਮਾਂਤਰੀ ਮਾਂ ਬੋਲੀ ਦਿਵਸ ਉਤੇ ਲੋਕਾਂ ਨੂੰ ਵਧਾਈ ਦਿਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਸਾਰੀਆਂ ਭਾਸ਼ਾਵਾਂ ਬਰਾਬਰ ਸਤਿਕਾਰ ਦੀਆਂ ਹੱਕਦਾਰ ਹਨ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਹਮਲੇ ਤੋਂ ਬਚਾਇਆ ਜਾਣਾ ਚਾਹੀਦਾ ਹੈ।

ਭਾਸ਼ਾ ਅੰਦੋਲਨਾਂ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮਮਤਾ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭਾਸ਼ਾਈ ਵੰਨ-ਸੁਵੰਨਤਾ ਦਾ ਸਨਮਾਨ ਕਰਦੀ ਹੈ ਅਤੇ ਕਈ ਭਾਸ਼ਾਵਾਂ ਨੂੰ ਅਧਿਕਾਰਤ ਮਾਨਤਾ ਦਿਤੀ ਹੈ। ਉਨ੍ਹਾਂ ਕਿਹਾ ਕਿ ਬੰਗਾਲੀ ਨਾ ਸਿਰਫ ਮਹਾਨ ਸਾਹਿਤਕ ਵਿਰਾਸਤ ਦੀ ਭਾਸ਼ਾ ਹੈ, ਬਲਕਿ ਸਾਰੇ ਭਾਸ਼ਾਈ ਭਾਈਚਾਰਿਆਂ ਦਾ ਸਤਿਕਾਰ ਕਰਨ ਦੀ ਵਿਆਪਕ ਵਚਨਬੱਧਤਾ ਦਾ ਹਿੱਸਾ ਹੈ।

ਉਨ੍ਹਾਂ ਨੇ 'ਐਕਸ' ਉਤੇ ਇਕ ਪੋਸਟ ਵਿਚ ਕਿਹਾ, ''ਅਸੀਂ ਇਹ ਵੀ ਯਕੀਨੀ ਕੀਤਾ ਹੈ ਕਿ ਹਰ ਵਿਅਕਤੀ, ਉਹ ਭਾਵੇਂ ਜੋ ਮਰਜ਼ੀ



ਭਾਸ਼ਾ ਬੋਲਦਾ ਹੋਵੇ, ਉਸ ਨੂੰ ਸੂਬੇ ਵਿਚ ਅਪਣੀ ਮਾਤ ਭਾਸ਼ਾ ਵਿਚ ਪੜ੍ਹਨ ਦਾ ਮੌਕਾ ਮਿਲੇ।'' ਬੈਨਰਜੀ ਨੇ ਕਿਹਾ ਕਿ ਸੂਬੇ ਨੇ ਕਈ ਭਾਸ਼ਾਈ ਸਮੂਹਾਂ ਲਈ ਭਾਸ਼ਾ ਅਕੈਡਮੀਆਂ ਸਥਾਪਤ ਕੀਤੀਆਂ ਹਨ। ਉਨ੍ਹਾਂ ਕਿਹਾ, ''ਇਸ ਪਵਿੱਤਰ ਦਿਨ ਉਤੇ ਅਸੀਂ ਅਪਣੇ ਵਾਅਦੇ ਦੀ ਪੁਸ਼ਟੀ ਕਰਦੇ ਹਾਂ ਕਿ ਜੇਕਰ ਕਿਸੇ ਭਾਸ਼ਾ ਉਤੇ ਹਮਲਾ ਹੁੰਦਾ ਹੈ ਤਾਂ ਅਸੀਂ ਸਾਰੇ ਇਸ ਦੇ ਵਿਰੁਧ ਇਕਜੁੱਟ ਹੋਵਾਂਗੇ। ਸਾਰੀਆਂ ਭਾਸ਼ਾਵਾਂ ਬਰਾਬਰ ਸਨਮਾਨ ਦੀਆਂ ਹੱਕਦਾਰ ਹਨ।''

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬੱਸ ਅਤੇ ਵੈਨ ਦੀ ਟੱਕਰ ਵਿਚ 5 ਲੋਕਾਂ ਦੀ ਮੌਤ, 7 ਲੋਕ ਹੋਏ ਗੰਭੀਰ



**ਭਿੰਡ।** ਮੱਧ ਪ੍ਰਦੇਸ਼ ਦੇ ਭਿੰਡ ਵਿੱਚ ਸ਼ੁੱਕਰਵਾਰ ਦੇਰ ਰਾਤ ਇੱਕ ਬੱਸ ਅਤੇ ਇੱਕ ਵੈਨ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਸ ਟੱਕਰ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਗੰਭੀਰ ਜ਼ਖ਼ਮੀ ਹੋ ਗਏ। ਟੱਕਰ ਇੰਨੀ ਜ਼ਬਰਦਸਤ ਸੀ ਕਿ ਵੈਨ ਪੂਰੀ ਤਰ੍ਹਾਂ ਕੁਚਲੀ ਗਈ ਅਤੇ ਉਸ ਵਿੱਚ ਸਵਾਰ ਲੋਕ ਅੰਦਰ ਹੀ ਫਸ ਗਏ। ਇਹ ਹਾਦਸਾ ਗੋਹਦ ਚੌਰਾਹਾ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਛਿਮਕਾ ਪਿੰਡ ਤੜਕੇ 2:30 ਵਜੇ ਵਾਪਰਿਆ। ਗੋਹਦ ਚੌਰਾਹਾ ਪੁਲਿਸ ਸਟੇਸ਼ਨ ਦੇ ਇੰਚਾਰਜ ਮਨੀਸ਼ ਧਾਕੜ ਦੇ ਅਨੁਸਾਰ, ਈਕੋ ਵੈਨ ਯਾਤਰੀਆਂ ਨੂੰ ਲੈ ਕੇ ਗਵਾਲੀਅਰ ਤੋਂ ਭਿੰਡ ਜਾ ਰਹੀ ਸੀ। ਜਦੋਂ ਕਿ ਬੱਸ ਭਿੰਡ ਤੋਂ ਗਵਾਲੀਅਰ ਜਾ ਰਹੀ ਸੀ ਕਿ ਰਸਤੇ ਵਿਚ ਇਹ ਹਾਦਸਾ ਵਾਪਰ ਗਿਆ। ਹਾਦਸੇ ਵਿੱਚ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ 2 ਨੇ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਦਿੱਤਾ। ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਗਵਾਲੀਅਰ ਲਿਜਾਇਆ ਗਿਆ। ਇਸ ਸਮੇਂ ਉਨ੍ਹਾਂ ਦਾ ਗਵਾਲੀਅਰ ਵਿੱਚ ਇਲਾਜ ਚੱਲ ਰਿਹਾ ਹੈ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਜੀਤ ਪਵਾਰ ਜਹਾਜ਼ ਹਾਦਸਾ : ਜਾਂਚ ਪੂਰੀ ਹੋਣ ਤਕ ਨਾਇਡੂ ਨੂੰ ਸਰਕਾਰ ਤੋਂ ਹਟਾਉਣ ਦੀ ਮੰਗ



**ਮੁੰਬਈ ।** ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਜਨਰਲ ਸਕੱਤਰ ਅਤੇ ਵਿਧਾਇਕ ਰੋਹਿਤ ਪਵਾਰ ਨੇ ਸਨਿਚਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨੂੰ 28 ਜਨਵਰੀ ਨੂੰ ਹੋਏ ਜਹਾਜ਼ ਹਾਦਸੇ ਦੀ ਜਾਂਚ ਪੂਰੀ ਹੋਣ ਤਕ ਕੇਂਦਰ ਸਰਕਾਰ ਤੋਂ ਅਸਤੀਫਾ ਦੇਣ ਲਈ ਕਿਹਾ ਜਾਵੇ। ਅਪਣੀ ਚਿੱਠੀ 'ਚ, ਕਰਜਤ-ਜਾਮਖੇਦ ਦੇ ਵਿਧਾਇਕ ਨੇ ਦਾਅਵਾ ਕੀਤਾ ਕਿ ਲੀਅਰਜੈੱਟ 45 ਜਹਾਜ਼ ਦੀ ਮਾਲਕੀ ਵਾਲੀ ਕੰਪਨੀ ਵੀ.ਐਸ.ਆਰ. ਅਤੇ ਨਾਇਡੂ ਨਾਲ ਇਸ ਦੇ ਸਬੰਧਾਂ ਬਾਰੇ ਗੰਭੀਰ ਸਵਾਲ ਖੜ੍ਹੇ ਹੋਏ ਹਨ। ਉਨ੍ਹਾਂ ਨੇ ਲਿਖਿਆ ਕਿ ਇਨ੍ਹਾਂ ਦੀ ਜਾਂਚ ਇਕ ਸੁਤੰਤਰ ਅਤੇ ਸਮਰੱਥ ਅਥਾਰਟੀ ਵਲੋਂ ਕੀਤੀ ਜਾਣੀ ਚਾਹੀਦੀ ਹੈ। ਚਿੱਠੀ 'ਚ ਉਨ੍ਹਾਂ ਕਿਹਾ, ''ਤੁਸੀਂ (ਪ੍ਰਧਾਨ ਮੰਤਰੀ) ਨੇ ਹਮੇਸ਼ਾ ਅਜੀਤਦਾਦਾ ਅਤੇ ਦੇਸ਼ ਲਈ ਉਨ੍ਹਾਂ ਦੇ ਯੋਗਦਾਨ ਦਾ ਸਤਿਕਾਰ ਕੀਤਾ ਹੈ। ਇਸ ਸੰਦਰਭ 'ਚ, ਮੈਂ ਬੇਨਤੀ ਕਰਦਾ ਹਾਂ ਕਿ ਰਾਮ ਮੋਹਨ ਨਾਇਡੂ ਨੂੰ ਜਾਂਚ ਪੂਰੀ ਹੋਣ ਤਕ ਉਨ੍ਹਾਂ ਦੇ ਅਹੁਦੇ ਤੋਂ ਅਸਤੀਫਾ ਦੇਣ ਲਈ ਕਿਹਾ ਜਾਵੇ। ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੈ ਕਿ ਇਹ ਜਾਂਚ ਕਰਨ ਵਿਚ ਕੋਈ ਪ੍ਰਭਾਵ ਜਾਂ ਦਖਲਅੰਦਾਜ਼ੀ ਨਾ ਹੋਵੇ ਕਿ ਕੀ ਵੀ.ਐਸ.ਆਰ. ਦੇ ਸਬੰਧ ਵਿਚ ਡੀ.ਜੀ.ਸੀ.ਏ. ਨਾਲ ਕਿਸੇ ਵੀ ਤਰੀਕੇ ਨਾਲ ਸਮਝੌਤਾ ਕੀਤਾ ਗਿਆ ਸੀ।'' ਰੋਹਿਤ ਪਵਾਰ ਨੇ ਹਾਦਸੇ ਨਾਲ ਜੁੜੇ ਵੱਖ-ਵੱਖ ਮੁੱਦਿਆਂ ਨੂੰ ਉਜਾਗਰ ਕਰਨ ਲਈ ਕਈ ਪ੍ਰੈਸ ਕਾਨਫਰੰਸਾਂ ਕੀਤੀਆਂ ਹਨ ਅਤੇ ਗਲਤ ਖੇਡ ਬਾਰੇ ਸ਼ੱਕ ਜਤਾਇਆ ਹੈ। ਐਨ.ਸੀ.ਪੀ. ਨੇਤਾ ਅਜੀਤ ਪਵਾਰ ਅਤੇ ਚਾਰ ਹੋਰਾਂ ਦੀ 28 ਜਨਵਰੀ ਨੂੰ ਪੁਣੇ ਜ਼ਿਲ੍ਹੇ ਦੇ ਬਾਰਾਮਤੀ ਹਵਾਈ ਅੱਡੇ ਨੇੜੇ ਇਕ ਜਹਾਜ਼ ਹਾਦਸੇ ਵਿਚ ਮੌਤ ਹੋ ਗਈ ਸੀ।

# ਸ੍ਰੀਨਗਰ 'ਚ CRPF ਦੇ ਜਵਾਨਾਂ ਦੀ ਬੁਲੇਟ ਪਰੂਫ ਗੱਡੀ ਨਹਿਰ 'ਚ ਡਿੱਗੀ

## ਹਾਦਸੇ 'ਚ ਜ਼ਖ਼ਮੀ ਹੋਏ 9 ਜਵਾਨਾਂ ਨੂੰ ਇਲਾਜ ਲਈ ਹਸਪਤਾਲ 'ਚ ਕਰਵਾਇਆ ਭਰਤੀ





**ਸ੍ਰੀਨਗਰ :** ਸ੍ਰੀਨਗਰ ਦੇ ਡਗਪੋਰਾ ਖੇਤਰ ਵਿਚ ਇਕ ਸੜਕ ਹਾਦਸੇ ਦੌਰਾਨ ਸੀ.ਆਰ.ਪੀ.ਐਫ. ਦੇ ਸੱਤ ਜਵਾਨ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਅਹਿਮਦ ਨਗਰ ਦੇ ਡਗਪੋਰਾ ਰੋਡ 'ਤੇ ਉਸ ਸਮੇਂ ਵਾਪਰਿਆ ਜਦੋਂ ਇਕ ਬੁਲੇਟ-ਪਰੂਫ ਬੰਕਰ ਵਾਹਨ ਦੇ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਵਾਹਨ ਸੜਕ ਤੋਂ ਤਿਲਕ ਗਿਆ ਅਤੇ ਨਹਿਰ ਵਿਚ ਡਿੱਗ ਗਿਆ। ਉਨ੍ਹਾਂ ਕਿਹਾ ਕਿ ਜ਼ਖਮੀ ਕਰਮਚਾਰੀਆਂ ਨੂੰ ਇਲਾਜ ਲਈ ਸ਼ੇਰ-ਏ-ਕਸ਼ਮੀਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਐਸਕੇਆਈਐਮਐਸ), ਸੌਰਾ ਭੇਜਿਆ ਗਿਆ। ਜ਼ਖਮੀਆਂ ਦੀ ਪਛਾਣ ਨਰਿੰਦਰ ਸਿੰਘ (36), ਅਜੀਤ ਕੁਮਾਰ ਰਾਮ (36), ਰਾਜ ਕਿਸ਼ੋਰ ਰਾਏ (40), ਅਮਿਤ ਕੁਮਾਰ ਯਾਦਵ (38), ਰਾਜਧਨ ਰਾਮ (55), ਮਨਕਰ ਕੁਮਾਰ (40) ਅਤੇ ਨੀਰਜ ਕੁਮਾਰ (45) ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਸਾਰੇ ਜ਼ਖਮੀ ਕਰਮਚਾਰੀਆਂ ਦੀ ਹਾਲਤ ਸਥਿਰ ਦੱਸੀ ਗਈ ਹੈ ਅਤੇ ਉਨ੍ਹਾਂ ਨੂੰ ਕਈ ਸੱਟਾਂ ਲੱਗੀਆਂ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਟੀਐਫ਼ਐਲ ਪ੍ਰਾਈਵੇਟ ਹਾਇਰ ਲਾਇਸੈਂਸਾਂ ਵਿੱਚ ਦੇਰੀ ਦਾ ਮਾਮਲਾ ਸੰਸਦ 'ਚ ਗੂੰਜਿਆ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਉਠਾਈ ਆਵਾਜ਼



**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਪ੍ਰਾਈਵੇਟ ਹਾਇਰ ਡਰਾਈਵਰਾਂ ਨੂੰ ਟਰਾਂਸਪੋਰਟ ਫ਼ਾਰ (ਟੀਐਫ਼ਐਲ) ਵੱਲੋਂ ਲਾਇਸੈਂਸ ਜਾਰੀ ਕਰਨ ਵਿੱਚ ਹੋ ਰਹੀ ਲੰਬੀ ਦੇਰੀ ਦਾ ਮਾਮਲਾ ਬ੍ਰਿਟਿਸ਼ ਸੰਸਦ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਸਲੋਹ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਹਾਊਸ ਆਫ਼ ਕਾਮਨਜ਼ ਵਿੱਚ ਡਰਾਈਵਰਾਂ ਦੀਆਂ ਮੁਸ਼ਕਲਾਂ ਬਿਆਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਹਲਕੇ ਅਤੇ ਹੋਰ ਖੇਤਰ ਦੇ ਕਈ ਡਰਾਈਵਰਾਂ ਨੂੰ ਪ੍ਰਾਈਵੇਟ ਹਾਇਰ ਲਾਇਸੈਂਸ ਪ੍ਰਾਪਤ ਕਰਨ ਜਾਂ ਨਵੀਨੀਕਰਨ ਲਈ 18 ਮਹੀਨੇ ਤੱਕ ਉਡੀਕ ਕਰਨੀ ਪੈ ਰਹੀ ਹੈ, ਜੋ ਬਿਲਕੁਲ ਅਸਵੀਕਾਰਯੋਗ ਹੈ।

ਉਨ੍ਹਾਂ ਸੰਸਦ ਵਿੱਚ ਕਿਹਾ ਕਿ ਕਈ ਡਰਾਈਵਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਟੀਐਫ਼ਐਲ ਨਾਲ ਸੰਚਾਰ ਪ੍ਰਣਾਲੀ ਸਪੱਸ਼ਟ ਨਹੀਂ ਹੈ, ਅਰਜ਼ੀਆਂ ਦੀ ਸਥਿਤੀ ਬਾਰੇ ਜਾਣਕਾਰੀ ਨਹੀਂ ਮਿਲਦੀ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ। ਸ੍ਰੀ ਢੇਸੀ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਾਈਵੇਟ ਹਾਇਰ ਡਰਾਈਵਰ ਆਪਣੀ ਰੋਜ਼ੀ-ਰੋਟੀ ਲਈ ਇਨ੍ਹਾਂ ਲਾਇਸੈਂਸਾਂ 'ਤੇ ਨਿਰਭਰ ਕਰਦੇ ਹਨ ਅਤੇ ਇਹੀ ਆਮਦਨ ਉਨ੍ਹਾਂ ਦੇ ਪਰਿਵਾਰਾਂ ਲਈ ਖਾਣ-ਪੀਣ, ਘਰੇਲੂ ਖਰਚੇ ਅਤੇ ਬਿਲਾਂ ਦੀ ਅਦਾਇਗੀ ਦਾ ਮੁੱਖ ਸਰੋਤ ਹੈ।

ਉਨ੍ਹਾਂ ਹਾਊਸ ਦੇ ਲੀਡਰ ਨੂੰ ਅਪੀਲ ਕੀਤੀ ਕਿ ਸੰਬੰਧਤ ਮੰਤਰੀਆਂ ਨਾਲ ਗੱਲਬਾਤ ਕਰਕੇ ਟੀਐਫ਼ਐਲ ਨੂੰ ਵਾਧੂ ਸਰੋਤ ਅਤੇ ਸਟਾਫ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਲਾਇਸੈਂਸ ਪ੍ਰਕਿਰਿਆ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਕੀਤੀਆਂ ਜਾ ਸਕਣ ਅਤੇ ਡਰਾਈਵਰਾਂ ਨੂੰ ਹੋ ਰਹੀ ਆਰਥਿਕ ਤੰਗੀ ਤੋਂ ਰਾਹਤ ਮਿਲੇ।

ਜਵਾਬ ਵਿੱਚ ਹਾਊਸ ਦੇ ਲੀਡਰ ਨੇ ਮੰਨਿਆ ਕਿ ਇਹ ਮਾਮਲਾ ਸਿਰਫ਼ ਡਰਾਈਵਰਾਂ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਜਨਤਾ ਨੂੰ ਮਿਲ ਰਹੀਆਂ ਆਵਾਜਾਈ ਸੇਵਾਵਾਂ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਮਾਮਲੇ ਨੂੰ ਸੰਬੰਧਤ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਦੇਰੀਆਂ ਦੂਰ ਕਰਨ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ ਇਸ ਬਾਰੇ ਅਪਡੇਟ ਪ੍ਰਾਪਤ ਕੀਤਾ ਜਾਵੇਗਾ।

ਵਿਸ਼ਲੇਸ਼ਕਾਂ ਅਨੁਸਾਰ ਲੰਡਨ ਵਿੱਚ ਉਬਰ ਅਤੇ ਹੋਰ ਪ੍ਰਾਈਵੇਟ ਹਾਇਰ ਸੇਵਾਵਾਂ ਸ਼ਹਿਰ ਦੀ ਆਵਾਜਾਈ ਪ੍ਰਣਾਲੀ ਦਾ ਅਹਿਮ ਹਿੱਸਾ ਹਨ ਅਤੇ ਲਾਇਸੈਂਸ ਜਾਰੀ ਕਰਨ ਵਿੱਚ ਹੋ ਰਹੀ ਦੇਰੀ ਕਾਰਨ ਹਜ਼ਾਰਾਂ ਡਰਾਈਵਰ ਆਰਥਿਕ ਤੌਰ 'ਤੇ ਪ੍ਰਭਾਵਿਤ ਹੋ ਰਹੇ ਹਨ। ਡਰਾਈਵਰ ਸੰਸਥਾਵਾਂ ਨੇ ਵੀ ਸਰਕਾਰ ਅਤੇ ਟੀਐਫ਼ਐਲ ਤੋਂ ਮੰਗ ਕੀਤੀ ਹੈ ਕਿ ਬੈਕਲਾਗ ਨੂੰ ਜਲਦੀ ਖਤਮ ਕਰਕੇ ਪ੍ਰਕਿਰਿਆ ਨੂੰ ਤੇਜ਼ ਅਤੇ ਪਾਰਦਰਸ਼ੀ ਬਣਾਇਆ ਜਾਵੇ।

# ਮਾਂ-ਬੋਲੀ ਪੰਜਾਬੀ ਨੂੰ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਸਾਹਿਤਕਾਰ ਹੋਏ ਲਾਮਬੰਦ



**ਸੰਗਰੂਰ, ( ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਸੇਖੋਂ ਦੇ ਸੱਦੇ 'ਤੇ ਲੇਖਕ ਭਵਨ ਸੰਗਰੂਰ ਵਿਖੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਨੂੰ ਸਮਰਪਿਤ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਮੀਤ ਖਟੜਾ ਨੇ ਕੀਤੀ। ਸਮਾਗਮ ਦੇ ਆਰੰਭ ਵਿੱਚ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਦੱਸਿਆ ਕਿ ਪਿਛਲੇ ਦਿਨੀਂ ਸਭਾ ਵੱਲੋਂ ਸ਼ਹਿਰ ਦੇ ਨਿੱਜੀ ਅਦਾਰਿਆਂ ਦੇ ਨਾਵਾਂ ਵਾਲੇ ਬੋਰਡ ਪੰਜਾਬੀ ਵਿੱਚ ਲਿਖਵਾਉਣ ਲਈ ਕਿਰਤ ਵਿਭਾਗ ਸੰਗਰੂਰ ਨੂੰ ਮੰਗ-ਪੱਤਰ ਦਿੱਤਾ ਗਿਆ ਸੀ, ਜਿਸ ਦੇ ਬਹੁਤ ਹੀ ਅਸਰਦਾਰ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਚੁੱਕੇ ਹਨ। ਕਿਰਤ ਵਿਭਾਗ ਵੱਲੋਂ ਕੁੱਝ ਦੁਕਾਨਦਾਰਾਂ ਨੂੰ ਬੋਰਡਾਂ 'ਤੇ ਪੰਜਾਬੀ ਨਾ ਲਿਖਵਾਉਣ ਲਈ ਜ਼ੁਰਮਾਨਾ ਵੀ ਕੀਤਾ ਗਿਆ ਹੈ। ਸ਼ਹਿਰ ਦੇ ਸੰਘਰਸ਼ੀ ਸਾਹਿਤਕਾਰ ਰਮੇਸ਼ਵਰ ਸਿੰਘ ਵੱਲੋਂ ਬਿਜਲੀ ਬੋਰਡ ਵੱਲੋਂ ਜਾਰੀ ਕੀਤੇ ਜਾਂਦੇ ਬਿੱਲਾਂ ਨੂੰ ਪੰਜਾਬੀ ਵਿੱਚ ਕਰਵਾਉਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮਾਲਵਾ ਲਿਖਾਰੀ ਸਭਾ ਸੰਗਰੂਰ ਮਾਂ-ਬੋਲੀ ਪੰਜਾਬੀ ਨੂੰ ਸਰਕਾਰੀ ਅਤੇ ਨਿੱਜੀ ਅਦਾਰਿਆਂ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਹਰ ਸੰਭਵ ਯਤਨ ਕਰਦੀ ਰਹੇਗੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਡਾ. ਮੀਤ ਖਟੜਾ ਨੇ ਕਿਹਾ ਕਿ ਮਾਂ-ਬੋਲੀ ਨੂੰ ਭੁੱਲਣ ਜਾਣ ਵਾਲੇ ਲੋਕ ਗਲੀਆਂ ਦੇ ਕੱਖਾਂ ਵਾਂਗ ਰੁਲ ਜਾਂਦੇ ਹਨ। ਉੱਘੇ ਲੇਖਕ ਅਮਰ ਗਰਗ ਕਲਮਦਾਨ ਨੇ ਆਪਣੇ ਖੋਜਪੂਰਨ ਪਰਚੇ ਵਿੱਚ ਕਿਹਾ ਕਿ ਮਾਂ-ਬੋਲੀ ਪੰਜਾਬੀ ਉਦੋਂ ਤੱਕ ਸਹੀ ਅਰਥਾਂ ਵਿੱਚ ਪ੍ਰਫੁੱਲਤ ਨਹੀਂ ਹੋ ਸਕਦੀ, ਜਦੋਂ ਤੱਕ ਇਸ ਦੀ ਆਪਣੀ ਲਿੱਪੀ ਗੁਰਮੁਖੀ ਨੂੰ ਲਾਜ਼ਮੀ ਨਹੀਂ ਕੀਤਾ ਜਾਂਦਾ। ਨਾਮਵਰ ਸਾਹਿਤਕਾਰ ਜੰਗੀਰ ਸਿੰਘ ਰਤਨ ਨੇ ਕਿਹਾ ਕਿ ਮਾਂ-ਬੋਲੀ ਨਾਲੋਂ ਟੁੱਟਿਆ ਵਿਅਕਤੀ ਦੁਨੀਆ ਦੀ ਕਿਸੇ ਵੀ ਬੋਲੀ ਵਿੱਚ ਮੁਹਾਰਤ ਹਾਸਲ ਨਹੀਂ ਕਰ ਸਕਦਾ। ਇਸ ਮੌਕੇ ਆਪਣੀ ਮਾਂ-ਬੋਲੀ ਨੂੰ ਲਾਗੂ ਕਰਵਾਉਣ ਲਈ ਹਕੂਮਤੀ ਤਸ਼ੱਦਦ ਦਾ ਸ਼ਿਕਾਰ ਹੋਣ ਵਾਲੇ ਬੰਗਾਲੀ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

ਇਸ ਮੌਕੇ ਸੁਰਿੰਦਰਪਾਲ ਸਿੰਘ ਸਿਦਕੀ ਦੀ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦੇਣ ਵਾਲੀ ਬੇਹੱਦ ਪਿਆਰੀ ਕਵਿਤਾ ਨਾਲ ਸ਼ੁਰੂ ਹੋਏ ਸ਼ਾਨਦਾਰ ਕਵੀ ਦਰਬਾਰ ਵਿੱਚ ਪਵਨ ਕੁਮਾਰ ਹੋਸ਼ੀ, ਬਹਾਦਰ ਸਿੰਘ ਧੌਲਾ, ਮੀਤ ਸਕਰੌਦੀ, ਜਗਜੀਤ ਸਿੰਘ ਲੱਡਾ, ਜੰਗੀਰ ਸਿੰਘ ਰਤਨ, ਜੱਗੀ ਮਾਨ, ਸਰਬਜੀਤ ਸੰਗਰੂਰਵੀ, ਭੁਪਿੰਦਰ ਨਾਗਪਾਲ, ਪਰਮਿੰਦਰ ਸਿੰਘ, ਪੰਮੀ ਫੱਗੂਵਾਲੀਆ, ਰਣਬੀਰ ਸਿੰਘ ਪ੍ਰਿੰਸ, ਡਾ. ਮੀਤ ਖਟੜਾ, ਅਮਰ ਗਰਗ ਕਲਮਦਾਨ, ਰਜਿੰਦਰ ਸਿੰਘ ਰਾਜਨ, ਕਰਮ ਸਿੰਘ ਜ਼ਖ਼ਮੀ, ਸੁਰਜੀਤ ਸਿੰਘ ਮੌਜੀ, ਲਾਭ ਸਿੰਘ ਝੱਮਟ, ਜਸਵੀਰ ਸਿੰਘ ਅਤੇ ਏਕਮਦੀਪ ਸਿੰਘ ਆਦਿ ਕਵੀਆਂ ਨੇ ਹਿੱਸਾ ਲਿਆ। ਪੁਰਾਤਨ ਕਵੀਆਂ ਦੇ ਸ਼ਿਅਰਾਂ ਦੇ ਹਵਾਲਿਆਂ ਨਾਲ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬੜੇ ਖ਼ੂਬਸੂਰਤ ਢੰਗ ਨਾਲ ਨਿਭਾਈ।

# ਵੱਖ ਵੱਖ ਬਲਾਕਾਂ ਦੇ ਸੀ ਐਚ ਟੀਜ਼, ਬੀ ਆਰ ਸੀਜ਼, ਅਤੇ ਸਕੂਲਾਂ ਮੁਖੀਆਂ ਦੀ ਆਨਲਾਈਨ ਰਿਵਿਊ ਮੀਟਿੰਗ ਆਯੋਜਿਤ



**ਕਪੂਰਥਲਾ, ( ਵਿਸ਼ੇਸ ਪ੍ਰਤੀਨਿਧ)–** ਜ਼ਿਲਾ ਸਿੱਖਿਆ ਅਧਿਕਾਰੀ ਸ੍ਰੀਮਤੀ ਮਮਤਾ ਬਜਾਜ , ਉਪ ਜਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਅਗਵਾਈ ਤੇ ਜਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਦੀ ਦੇਖ ਰੇਖ ਹੇਠ ਕਪੂਰਥਲਾ ਦੋ ਤੇ ਤਿੰਨ , ਸੁਲਤਾਨਪੁਰ ਲੋਧੀ-1 ਬਲਾਕਾਂ ਦੇ ਸੀ ਐਚ ਟੀਜ਼, ਬੀ ਆਰ ਸੀਜ਼, ਅਤੇ ਸਾਰੇ ਸਕੂਲਾਂ ਮੁਖੀਆਂ ਨਾਲ ਇੱਕ ਜ਼ੂਮ ਰਿਵਿਊ ਮੀਟਿੰਗ ਕੀਤੀ ਗਈ। ਜਿਸ ਵਿਚ ਜਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਦੁਆਰਾ ਰਿਵਿਊ ਮੀਟਿੰਗ ਦੇ ਵੱਖ ਵੱਖ ਪਹਿਲੂਆਂ ਜਿਹਨਾਂ ਵਿੱਚ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਸਾਲਾਨਾ ਡੇਟਸ਼ੀਟ ਨੋਟ ਕਰਵਾਉਣ, ਐੱਚ ਪੀ ਸੀ ਕਾਰਡਾਂ ਦੇ ਪ੍ਰਿੰਟ ਕਢਵਾ ਕੇ ਮਾਪਿਆਂ ਨਾਲ ਸਾਂਝੇ ਕਰਨ, ਗਰਾਂਟਾਂ ਜਲਦ ਖਰਚਣ ਦੇ ਨਾਲ ਨਾਲ , ਸਕੂਲ ਦਾ ਰਿਕਾਰਡ ਮੇਨਟੇਨ ਕਰਨ, ਸਾਲਾਨਾ ਪ੍ਰੀਖਿਆ ਕੇਂਦਰਾਂ ਦੇ ਸਾਰੇ ਪ੍ਰਬੰਧ ਮੁਕੰਮਲ ਕਰਨ, ਦਾਖ਼ਲਾ ਮੁਹਿੰਮ ਲਈ ਕੰਪੇਨ ਕਰਨ ਸੰਬੰਧੀ ਅਤੇ ਨਵੇਂ ਸੈਸ਼ਨ ਤੋਂ ਸ਼ੁਰੂ ਹੋਣ ਜਾ ਰਹੇ ਮਿਸ਼ਨ ਸਮਰੱਥ 4.0 ਦੀ ਯੋਜਨਾਬੰਦੀ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਇਸ ਤੋਂ ਪਹਿਲਾਂ ਇਸ ਰਿਵਿਊ ਮੀਟਿੰਗ ਵਿੱਚ ਜਿਲ੍ਹਾ ਸਿੱਖਿਆ ਅਧਿਕਾਰੀ ਸ਼੍ਰੀਮਤੀ ਮਮਤਾ ਬਜਾਜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਉਨਾਂ ਨੇ ਨੇ ਅਧਿਆਪਕਾਂ ਨੂੰ ਖਾਸ ਤੌਰ ਤੇ ਦਾਖ਼ਲਾ ਮੁਹਿੰਮ ਲਈ ਕੰਪੇਨ ਕਰਨ ਕਰਨ ਸੰਬੰਧੀ, ਤੇ ਸਕੂਲ ਵਿੱਚ ਬਕਾਇਆ ਪਈਆਂ ਗ੍ਰਾਟਾਂ ਨੂੰ ਜਲਦ ਤੋਂ ਜਲਦ ਖ਼ਰਚ ਕਰਨ ਦੀ ਵਿਸ਼ੇਸ ਹਦਾਇਤ ਕੀਤੀ। ਇਸ ਮੌਕੇ ਤੇ ਰਜੇਸ਼ ਕੁਮਾਰ ਬੀ ਪੀ ਈ ਓ, ਸੰਜੀਵ ਕੁਮਾਰ ਹਾਂਡਾ, ਡਾ ਪਰਮਜੀਤ ਕੌਰ ਬੀ ਆਰ ਸੀ , ਤਰਸੇਮ ਸਿੰਘ ਬੀ ਆਰ ਸੀ,ਗੁਰਪ੍ਰੀਤ ਸਿੰਘ ਬੀ ਆਰ ਸੀ, ਵੀਨੂੰ ਸੇਖੜੀ, ਅਜੀਤ ਸਿੰਘ, ਸੰਤੋਖ ਸਿੰਘ ਮੱਲ੍ਹੀ, ਰਵੀ ਵਾਹੀ, ਹਰਪ੍ਰੀਤ ਸਿੰਘ, ਆਦਿ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਾਹਿਤ ਸਭਾ ਰਾਏਕੋਟ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ਼ ਮਨਾਇਆ ਗਿਆ

**ਰਾਏਕੋਟਗੁਰਭਿੰਦਰ ਗੁਰੀ**
ਸਾਹਿਤ ਸਭਾ ਰਾਏਕੋਟ ਵੱਲੋਂ ਪ੍ਰਧਾਨ ਰਾਜਮਿੰਦਰਪਾਲ ਸਿੰਘ ਪਰਮਾਰ ਦੀ ਅਗਵਾਈ ਵਿੱਚ ਮਾਂ ਬੋਲੀ ਦਿਵਸ ਤੇ ਵਿਸ਼ੇਸ਼ ਸਮਾਗਮ *ਬੋਲ ਪੰਜਾਬੀ* ਕਰਵਾਇਆ ਗਿਆ। ਇਸ ਮੌਕੇ ਮਾਂ ਬੋਲੀ ਪੰਜਾਬੀ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਚਰਚਾ ਕੀਤੀ ਗਈ। ਇੱਕਤਰ ਹੋਏ ਵੱਖ ਵੱਖ ਲੇਖਕਾਂ ਵੱਲੋਂ ਅਤੇ ਕਵੀਆਂ ਵਲੋਂ ਆਪਣੀਆਂ ਰਚਨਾਵਾਂ ਦੀ ਛਹਿਬਰ ਲਗਾਈ ਗਈ। ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਵਿਕਾਸ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।ਸਮਾਗਮ ਦੀ ਸ਼ੁਰੂਆਤ ਸ਼ੈਟੀ ਰਾਏਕੋਟੀ ਵੱਲੋਂ ਆਪਣੇ ਗੀਤ ਰੱਬ, ਨਾਲ ਸ਼ੁਰੂ ਕੀਤੀ ਗਈ। ਇਸ ਤੋਂ ਬਾਅਦ ਮਨਰਾਜ ਸਿੰਘ ਅੱਖ ਵਿੱਚ ਹੰਝੂ, ਸੋਮਾ ਕਲਸੀਆਂ ਵੱਲੋਂ 'ਪੰਜਾਬ ਮੇਰਾ ਹੈ' , ਰਣਜੀਤ ਸਿੰਘ ਰਾਏ ਵੱਲੋਂ ਮਿੰਨੀ ਕਹਾਣੀ, ਅਜ਼ਾਦ ਰਾਏਕੋਟੀ ਵੱਲੋਂ 'ਗ਼ਜ਼ਲ ਐ ਮਾਨਵ' , ਬਲਵੀਰ ਕੌਰ ਰਾਏਕੋਟੀ ' ਸਾਂਭ ਹੁੰਦੀ ਤਾਂ ਸਾਂਭ ਲੈ ਬੋਲੀ ਪੰਜਾਬੀ ਨੂੰ' ਅਤੇ ਮਾਸਟਰ ਪ੍ਰੀਤਮ ਸਿੰਘ ਬਰਮੀ ਵੱਲੋਂ ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਆਦਿ



ਪੇਸ਼ ਕਰਕੇ ਰੰਗ ਬੰਨਿਆ। ਇਸ ਸਮੇਂ ਬਾਰੇ ਮੈਂਬਰਾਂ ਵੱਲੋਂ ਇਹ ਪ੍ਰਣ ਕੀਤਾ ਗਿਆ ਕਿ ਆਓ ਸਾਰੇ ਰਾਲ ਮਿਲ ਕੇ ਆਪਣੀ ਪੰਜਾਬੀ ਮਾਂ ਬੋਲੀ ਪ੍ਰਤੀ ਆਪਣਾ ਫਰਜ਼ ਨਿਭਾਈਏ 'ਪੰਜਾਬੀਆਂ ਬੋਲੀ ਦੀ ਸੇਵਾ ਕਰੀਏ ਅਤੇ ਪੰਜਾਬੀ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਆਪਣੀ ਬਣਦਾ ਯੋਗਦਾਨ ਪਾਈਏ। ਬੋਲ ਪੰਜਾਬੀ ਸਮਾਗਮ ਦੇ ਵਿੱਚ ਸਮੂਹ ਹਾਜ਼ਰੀਨ ਮੈਂਬਰਾਂ ਵੱਲੋਂ ਪੰਜਾਬੀ ਮਾਂ ਬੋਲੀ ਸਬੰਧੀ ਚੇਤਨਾ ਮਾਰਚ ਕਰਦੇ ਹੋਏ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਨਾਰੇ ਲਗਾਏ ਗਏ । ਇਸ ਸਮੇਂ ਜਗਦੇਵ ਸਿੰਘ ਕਲਸੀ, ਜਗਦੀਪ ਸਿੰਘ ਲੈਕਚਰਾਰ, ਦਰਬਾਰਾ ਦਰਸ਼ਕ, ਵਰਿੰਦਰ ਪਾਲੀ ਕਲਵੀਰ ਸਿੰਘ ਬੋਲੀ, ਆਦਿ ਸਾਹਿਤਕਾਰ ਹਾਜਰ ਸਨ।

# ਐਂਡਰੂ ਮਾਊਂਟਬੈਟਨ-ਵਿੰਡਸਰ ਦੀ ਗ੍ਰਿਫ਼ਤਾਰੀ ਬਾਅਦ ਸੰਸਦੀ ਜਾਂਚ ਦੀ ਸੰਭਾਵਨਾ, ਸੰਸਦ ਮੈਂਬਰਾਂ ਦੀ ਅਹਿਮ ਬੈਠਕ ਮੰਗਲਵਾਰ ਨੂੰ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਸ਼ਾਹੀ ਪਰਿਵਾਰ ਨਾਲ ਸੰਬੰਧਤ ਐਂਡਰੂ ਮਾਊਂਟਬੈਟਨ-ਵਿੰਡਸਰ ਦੀ ਸਰਕਾਰੀ ਅਹੁਦੇ ਨਾਲ ਜੁੜੀ ਬਦਅਮਲੀ ਦੇ ਸ਼ੱਕ ‘ਚ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਮਾਮਲੇ ਨੇ ਰਾਜਨੀਤਿਕ ਪੱਧਰ ‘ਤੇ ਵੀ ਗੰਭੀਰ ਰੂਪ ਧਾਰ ਲਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਸੰਸਦ ਮੈਂਬਰਾਂ ਦਾ ਇੱਕ ਪ੍ਰਭਾਵਸ਼ਾਲੀ ਗਰੁੱਪ ਯੂਕੇ ਦੇ ਟਰੇਡ ਐਨਵਾਇਜ਼ (ਵਪਾਰ ਦੂਤਾਂ) ਦੀ ਭੂਮਿਕਾ ਬਾਰੇ ਸੰਸਦੀ ਜਾਂਚ ਸ਼ੁਰੂ ਕਰਨ ਦੇ ਮਸਲੇ ‘ਤੇ ਵਿਚਾਰ ਕਰਨ ਜਾ ਰਿਹਾ ਹੈ।



ਦੱਸਿਆ ਜਾ ਰਿਹਾ ਹੈ ਕਿ ਬਿਜ਼ਨਸ ਐਂਡ ਟਰੇਡ ਕਮੇਟੀ ਮੰਗਲਵਾਰ ਨੂੰ ਹੋਣ ਵਾਲੀ ਬੈਠਕ ਦੌਰਾਨ ਆਪਣੇ ਵਿਕਲਪਾਂ ‘ਤੇ ਚਰਚਾ ਕਰੇਗੀ। ਇਹ ਵਿਚਾਰ-ਵਟਾਂਦਰਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਜੈਫਰੀ ਐਪਸਟਿਨ ਨਾਲ ਸੰਬੰਧਤ ਫਾਈਲਾਂ ਸਾਹਮਣੇ ਆਉਣ ਤੋਂ ਬਾਅਦ ਸਾਬਕਾ ਸ਼ਾਹੀ ਮੈਂਬਰ ਖ਼ਿਲਾਫ਼ ਨਵੇਂ ਦੋਸ਼ ਲਗੇ ਅਤੇ ਪੁਲਿਸ ਜਾਂਚ ਸ਼ੁਰੂ ਕੀਤੀ ਗਈ।

ਸਰੋਤਾਂ ਮੁਤਾਬਕ ਸੰਭਾਵਿਤ ਸੰਸਦੀ ਜਾਂਚ ਵਿੱਚ ਖ਼ਾਸ ਤੌਰ ‘ਤੇ ਸਰਕਾਰੀ ਵਪਾਰਕ ਨੀਤੀਆਂ, ਖਰਚੇ ਅਤੇ ਅੰਤਰਰਾਸ਼ਟਰੀ ਵਪਾਰਕ ਨੁਮਾਇੰਦਿਆਂ ਦੀ ਭੂਮਿਕਾ ਦੀ ਸਮੀਖਿਆ ਕੀਤੀ ਜਾ ਸਕਦੀ ਹੈ। ਇਹ ਜਾਂਚ ਪੁਲਿਸ ਵੱਲੋਂ ਚੱਲ ਰਹੀ ਅਪਰਾਧਿਕ ਜਾਂਚ ਤੋਂ ਵੱਖ ਹੋਵੇਗੀ ਅਤੇ ਸੰਸਦੀ ਜਵਾਬਦੇਹੀ ਦੇ ਤਹਿਤ ਕੀਤੀ ਜਾਵੇਗੀ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਸਿਰਫ਼ ਵਿਅਕਤੀਗਤ ਦੋਸ਼ਾਂ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਸਰਕਾਰ ਅਤੇ ਸ਼ਾਹੀ ਸੰਸਥਾਵਾਂ ਨਾਲ ਜੁੜੇ ਸਰਕਾਰੀ ਅਹੁਦਿਆਂ ਦੀ ਪਾਰਦਰਸ਼ਤਾ ‘ਤੇ ਵੀ ਸਵਾਲ ਖੜ੍ਹੇ ਕਰ ਸਕਦਾ ਹੈ। ਇਸਦੇ ਨਾਲ ਹੀ ਸੰਸਦ ਵਿੱਚ ਵਪਾਰਕ ਨਿਯੁਕਤੀਆਂ ਅਤੇ ਉਨ੍ਹਾਂ ਦੇ ਨਿਗਰਾਨੀ ਮਕੈਨਿਜ਼ਮ ਬਾਰੇ ਵੱਡੀ ਚਰਚਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਅਧਿਕਾਰੀਆਂ ਵੱਲੋਂ ਮਾਮਲੇ ਬਾਰੇ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਅਤੇ ਜਾਂਚ ਜਾਰੀ ਹੈ। ਆਉਣ ਵਾਲੇ ਦਿਨਾਂ ਵਿੱਚ ਸੰਸਦੀ ਫ਼ੈਸਲਾ ਅਤੇ ਪੁਲਿਸ ਜਾਂਚ ਦੇ ਨਤੀਜੇ ਇਸ ਮਾਮਲੇ ਦੀ ਅਗਲੀ ਦਿਸ਼ਾ ਨਿਰਧਾਰਤ ਕਰਨਗੇ।

# ਪੰਜਾਬ ਸਰਕਾਰ ਦੀ ਸਿਹਤ ਬੀਮਾ ਯੋਜਨਾ ਸੰਬੰਧੀ ਬੂਲਪੁਰ ਵਿਖੇ ਕੈਂਪ ਲਗਾਇਆ ਗਿਆ

**ਕਪੂਰਥਲਾ, (ਕੌੜਾ)-** ਪੰਜਾਬ ਸਰਕਾਰ ਦੁਆਰਾ ਚਲਾਈ ਗਈ 10 ਲੱਖ ਰੁਪਏ ਪ੍ਰਤੀ ਵਿਅਕਤੀ ਸਿਹਤ ਬੀਮਾ ਯੋਜਨਾ ਸੰਬੰਧੀ ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਦੀ ਦੇਖਰੇਖ ਹੇਠ ਇਕ ਸੁਵਿਧਾ ਕੈਂਪ ਬੂਲਪੁਰ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਪਿੰਡ ਬੂਲਪੁਰ ਦੇ ਨਿਵਾਸੀਆਂ ਦੇ ਸਿਹਤ ਬੀਮਾ ਯੋਜਨਾ ਸਬੰਧੀ ਕਾਰਡ ਬਣਾਉਣ ਲਈ ਪਰਚੀਆਂ ਜਾਰੀ ਕੀਤੀਆਂ ਗਈਆਂ ਤੇ ਸੰਬੰਧਿਤ ਲਾਭਪਾਤਰੀਆਂ ਨੂੰ ਸੌਂਪੀਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਮੈਂਬਰ ਪੰਚਾਇਤ ਬਲਵਿੰਦਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਸਿਹਤ ਯੋਜਨਾ ਗਾਰੰਟੀ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ



**ਸਿਹਤ ਬੀਮਾ ਯੋਜਨਾ ਸੰਬੰਧੀ ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਭਪਾਤਰੀ ਨੂੰ ਪਰਚੀ ਸੌਂਪਦੇ ਹੋਏ।**

ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਇਹ ਰਾਜ ਸਰਕਾਰ ਦੀ ਸਿਹਤ ਬੀਮਾ ਯੋਜਨਾ ਦੀ ਸੁਰੂਆਤ ਕੀਤੀ ਹੈ। ਜਿਸ ਵਿੱਚ ਹਰ ਪਰਿਵਾਰ ਨੂੰ 10 ਲੱਖ ਤੱਕ ਸਰਕਾਰੀ ਬਮੁਕ-ਾਬਲਾ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਵਿੱਚ ਨਕਦੀ ਰਹਿਤ ਇਲਾਜ ਵਿਚ ਵੱਖ ਵੱਖ ਬਿਮਾਰੀਆਂ, ਸਰਜਰੀ ਅਤੇ ਦਵਾਈਆਂ ਦੀ ਸਹੂਲਤ ਮਿਲੇਗੀ। ਇਸ ਵਿੱਚ ਪੰਜਾਬ ਰਾਜ ਦੇ ਸਾਰੇ ਪਰਿਵਾਰ (ਆਮ ਆਦਮੀ, ਸਰਕਾਰੀ ਕਰਮਚਾਰੀ, ਬੁਜ਼ੁਰਗ, ਆਦਿ ਜਿਸ ਵਿੱਚ ਕੋਈ ਆਮਦਨੀ ਦੀ ਲਿਮਿਟ ਨਹੀਂ ਹੈ।ਉਹ ਸਾਰੇ ਲਾਭ ਲੈ ਸਕਦੇ ਹਨ। ਉਹਨਾਂ ਕਿਹਾ ਕਿ ਇਹ ਕੈਂਪ ਪਿੰਡ ਬੂਲਪੁਰ ਵਿਖੇ ਲਗਾਤਾਰ ਚੱਲ ਰਿਹਾ ਹੈ। ਜਿਥੇ ਹੋਰ ਵੀ ਪਿੰਡ ਵਾਸੀ ਲਾਭ ਉਠਾ ਸਕਦੇ ਹਨ।ਇਸ ਮੌਕੇ ਤੇ ਡਾ ਸਵਿਤੋਜ ਸਿੰਘ, ਜਗਜੀਤ ਸਿੰਘ, ਲਾਲ ਸਿੰਘ, ਨਿਰਵੈਰ ਸਿੰਘ ਆਦਿ ਹਾਜਰ ਸਨ।

# ਸਮੈਥਵਿਕ ਮਸਜਿਦ ਬਾਹਰ ਛੁਰੇਬਾਜ਼ੀ, 18 ਸਾਲਾਂ ਨੌਜਵਾਨ ਦੀ ਮੌਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਵੈਸਟ ਮਿਡਲੈਂਡਜ਼ ਦੇ ਸਮੈਥਵਿਕ ਇਲਾਕੇ ਵਿੱਚ ਮਸਜਿਦ ਦੇ ਬਾਹਰ ਹੋਈ ਛੁਰੇਬਾਜ਼ੀ ਦੀ ਘਟਨਾ ਵਿੱਚ 18 ਸਾਲਾ ਨੌਜਵਾਨ ਦੀ ਮੌਤ ਹੋਣ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਪੁਲਿਸ ਮੁਤਾਬਕ ਇਹ ਘਟਨਾ ਸ਼ੁੱਕਰਵਾਰ ਰਾਤ ਕਰੀਬ 9 ਵਜੇ ਤੋਂ ਥੋੜ੍ਹਾ ਪਹਿਲਾਂ ਓਲਡਬਰੀ ਰੋਡ ਸਥਿਤ ਮਸਜਿਦ ਦੇ ਬਾਹਰ ਵਾਪਰੀ ਜਿੱਥੇ ਹਿੰਸਕ ਝਗੜੇ ਦੀ ਸੂਚਨਾ ਮਿਲਣ ਉਪਰੰਤ ਐਮਰਜੈਂਸੀ ਸੇਵਾਵਾਂ ਮੌਕੇ ‘ਤੇ ਪਹੁੰਚੀਆਂ। ਵੈਸਟ ਮਿਡਲੈਂਡਜ਼ ਪੁਲਿਸ ਨੇ ਮ੍ਰਿਤਕ ਦੀ ਪਛਾਣ ਸਮੈਥਵਿਕ ਨਿਵਾਸੀ ਜ਼ੇਸ਼ਾਨ ਅਫ਼ਜ਼ਲ ਵਜੋਂ ਕੀਤੀ ਹੈ ਅਤੇ ਮਾਮਲੇ ਦੀ ਕਤਲ ਵਜੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਦੌਰਾਨ 19 ਅਤੇ 20 ਸਾਲਾ ਦੋ ਹੋਰ ਨੌਜਵਾਨ ਵੀ ਜ਼ਖ਼ਮੀ ਹੋਏ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ ਉਨ੍ਹਾਂ ਦੀਆਂ ਚੋਟਾਂ ਜਾਨ ਲਈ ਖ਼ਤਰਨਾਕ ਨਹੀਂ ਹਨ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਜਾਂਚ ਦੇ ਆਧਾਰ ‘ਤੇ ਇਸ ਘਟਨਾ ਨੂੰ ਧਾਰਮਿਕ ਜਾਂ ਨਸਲੀ ਨਫ਼ਰਤ ਨਾਲ ਜੁੜਿਆ ਮਾਮਲਾ ਨਹੀਂ ਮੰਨਿਆ ਜਾ ਰਿਹਾ।

ਜਾਂਚ ਅਧਿਕਾਰੀ ਘਟਨਾ ਦੇ ਕਾਰਨਾਂ ਅਤੇ ਸੰਬੰਧਤ ਵਿਅਕਤੀਆਂ ਦੀ ਪਛਾਣ ਲਈ ਇਲਾਕੇ ਦੇ ਸੀਸੀਟੀਵੀ ਫੁਟੇਜ ਅਤੇ ਗਵਾਹਾਂ ਦੇ ਬਿਆਨਾਂ ਦੀ ਜਾਂਚ ਕਰ ਰਹੇ ਹਨ। ਪੁਲਿਸ ਵੱਲੋਂ ਲੋਕਾਂ ਵਿੱਚ ਭਰੋਸਾ ਬਣਾਈ ਰੱਖਣ ਲਈ ਇਲਾਕੇ ਵਿੱਚ ਵਾਧੂ ਪੁਲਿਸ ਤਾਇਨਾਤ ਕੀਤੀ ਗਈ ਹੈ। ਅਧਿਕਾਰੀਆਂ ਨੇ ਸਥਾਨਕ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਸ ਕਿਸੇ ਕੋਲ ਵੀ ਘਟਨਾ ਬਾਰੇ ਜਾਣਕਾਰੀ ਹੋਵੇ ਉਹ ਪੁਲਿਸ ਨਾਲ ਸੰਪਰਕ ਕਰੇ। ਇਸ ਦੁਖਦਾਈ ਘਟਨਾ ਤੋਂ ਬਾਅਦ ਸਥਾਨਕ ਭਾਈਚਾਰੇ ਵੱਲੋਂ ਮ੍ਰਿਤਕ ਨੌਜਵਾਨ ਦੇ ਪਰਿਵਾਰ ਨਾਲ ਹਮਦਰਦੀ ਜਤਾਈ ਜਾ ਰਹੀ ਹੈ ਜਦਕਿ ਪੁਲਿਸ ਵੱਲੋਂ ਕਤਲ ਦੀ ਜਾਂਚ ਤੇਜ਼ੀ ਨਾਲ ਜਾਰੀ ਹੈ।

# ਪੰਜਾਬੀ ਨੂੰ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਤੱਕ ਲਾਜ਼ਮੀ ਵਿਸ਼ਾ ਬਣਾਇਆ ਜਾਵੇ - ਬਾਬਾ ਸ਼ਿਕਾਗੋਂ

## ਦੁਕਾਨਾਂ ਦੇ ਬੋਰਡਾਂ ਉੱਤੇ ਸਭ ਤੋਂ ਉੱਪਰ ਪਹਿਲਾਂ ਪੰਜਾਬੀ ਲਿਖੀ ਜਾਵੇ –ਦੁਸਾਂਝ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )–** ਪੰਜਾਬੀ ਸਾਹਿਤ ਸਭਾ ਬਲਾਚੌਰ ਵਲੋਂ ਜ਼ਿਲ੍ਹਾ ਭਰ ਦੀਆਂ ਸਾਹਿਤ ਸਭਾਵਾਂ ਦੇ ਸਹਿਯੋਗ ਨਾਲ਼ ਕੌਮਾਂਤਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਪ੍ਰਸਿੱਧ ਲੇਖਕ ਮਹਿੰਦਰ ਸਿੰਘ ਦੁਸਾਂਝ, ਬਾਬਾ ਦਲਜੀਤ ਸਿੰਘ ਸ਼ਿਕਾਗੋਂ ਵਾਲੇ, ਪ੍ਰੋ. ਇਕਬਾਲ ਸਿੰਘ ਚੀਮਾ, ਸੰਧੂ ਵਰਿਆਣਵੀ ਅਤੇ ਸਭਾ ਪ੍ਰਧਾਨ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਵਾਲੇ ਸੁਸ਼ੋਭਿਤ ਸਨ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਮਾਂ ਬੋਲੀ ਨੂੰ ਦਰਪੇਸ਼ ਸਮਸਿਆਵਾਂ, ਸਰਕਾਰਾਂ ਦੀ ਇਸ ਵਿਸ਼ੇ ਸਬੰਧੀ ਅਪਣਾਈ ਜਾਂਦੀ ਰਹੀ ਗੈਰ ਜਿੰਮੇਵਾਰਾਨਾ ਪਹੁੰਚ ਨੂੰ ਆਪਣੇ ਵਿਚਾਰਾਂ ਦਾ ਧੁਰਾ ਬਣਾ ਕੇ ਮਾਂ ਬੋਲੀ ਬਾਰੇ ਪੰਜਾਬੀ ਚਿੰਤਕਾਂ ਵਲੋਂ ਨਿਭਾਈ ਜਾਣ ਵਾਲੀ ਅਹਿਮ ਭੂਮਿਕਾ ਦੀ ਗੱਲ ਕੀਤੀ।ਇਸ ਵੇਲੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬਾਬਾ ਦਲਜੀਤ ਸਿੰਘ ਸ਼ਿਕਾਗੋਂ ਵਾਲਿਆਂ ਨੇ ਕਿਹਾ ਕਿ ਜਦੋਂ ਤੱਕ ਲੋਕ ਨਹੀਂ ਜਾਗਦੇ ਮਸਲੇ ਦਾ ਹੱਲ ਨਹੀਂ ਹੋ ਸਕਦੇ। ਪੰਜਾਬੀ ਮਾਂ ਬੋਲੀ ਦੇ ਵਿਰਾਸਤੀ ਸ਼ਬਦਾਂ ਦਾਦਾ, ਬਾਬਾ, ਨਾਨਾ ਨੂੰ ਗ੍ਰੈਂਡ ਡੈਡ, ਚਾਚੇ, ਤਾਇਆਂ, ਮਾਮਿਆਂ, ਮਾਸੜਾਂ ਨੂੰ ਸ਼ਬਦ ਅੰਕਲ, ਚਾਚੀ, ਤਾਈ, ਭੂਆ, ਮਾਸੀ ਨੂੰ ਆਂਟੀ ਸ਼ਬਦ ਨਿਗ਼ਲ ਗਏ ਹਨ। ਉਹਨਾਂ ਮੰਗ ਕੀਤੀ ਕਿ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਮਾਂ ਬੋਲੀ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕੀਤੇ ਜਾਣ ਦੀ ਲੋੜ ਹੈ। ਪ੍ਰਸਿੱਧ ਪੰਜਾਬੀ ਲੇਖਕ ਮਹਿੰਦਰ ਸਿੰਘ ਦੁਸਾਂਝ ਨੇ ਕਿਹਾ ਇਸ ਵੇਲੇ ਦੁਨੀਆਂ ਭਰ ਵਿੱਚ 7100 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਪੰਜਾਬੀ ਬੋਲਣ ਵਾਲੇ ਦੁਨੀਆਂ ਭਰ ਵਿੱਚ ਵੱਸਦੇ 15 ਕਰੋੜ ਪੰਜਾਬੀਆਂ ਵਿੱਚੋਂ ਪੰਜਾਬੀ ਬੋਲਣ ਵਾਲੇ ਸਭ ਤੋਂ ਵੱਧ ਲਹਿੰਦੇ ਪੰਜਾਬ (ਪਾਕਿਸਤਾਨ) ਦੀ 37 ਫ਼ੀਸਦੀ ਵਸੋਂ ਪੰਜਾਬੀ ਬੋਲਦੀ ਹੈ। ਉਹਨਾਂ ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਸ਼ਕਰਗੰਜ ਦੀ ਸਿੱਕੇਬੰਦ ਪੰਜਾਬੀ ਸ਼ਲੋਕਾਂ ਦਾ ਹਵਾਲਾ



ਦਿੰਦੇ ਹੋਇਆਂ ਕਿਹਾ ਕਿ ਇਹ ਵਖਰੀ ਗੱਲ ਹੈ ਕਿ ਲਹਿੰਦੇ ਪੰਜਾਬ ਦੇ ਲੋਕ ਪੰਜਾਬੀ ਲਈ ਸ਼ਾਹਮੁਖੀ ਲਿੱਪੀ ਦੀ ਵਰਤੋਂ ਕਰਦੇ ਹਨ ਅਤੇ ਚੜ੍ਹਦੇ ਪੰਜਾਬ ਦੇ ਲੋਕ ਗੁਰਮੁਖੀ ਲਿੱਪੀ ਦੀ ਵਰਤੋਂ ਕਰਦੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਆਈਆਂ ਹੁਣ ਤੱਕ ਦੀਆਂ ਸਰਕਾਰਾਂ ਪੰਜਾਬ ਵਿੱਚ ਹੀ ਦੁਕਾਨਾਂ ਦੇ ਬੋਰਡ ਵੀ ਆਪਣੀ ਮਾਂ ਬੋਲੀ ਵਿੱਚ ਨਹੀਂ ਲਿਖਵਾ ਸਕੀਆਂ ਹਨ। ਉਹਨਾਂ ਮੰਗ ਕੀਤੀ ਕਿ ਇੱਕ ਲੋਕ ਲਹਿਰ ਉਸਾਰੀ ਜਾਵੇ ਕਿ ਪੰਜਾਬ ਵਿੱਚ ਹਰ ਦੁਕਾਨ ਦੇ ਬੋਰਡ ਉੱਪਰ ਗੁਰਮੁਖੀ ਵਿੱਚ ਲਿਖਵਾਏ ਜਾਣ, ਜਿਸ ਲਈ ਸਰਕਾਰ 'ਤੇ ਦਬਾਅ ਬਣਾਇਆ ਜਾਵੇ। ਪ੍ਰੋ. ਇਕਬਾਲ ਸਿੰਘ ਚੀਮਾ ਨੇ ਹਰਿਆਣਾ ਦਾ ਜੰਮਪਲ਼ ਹੋਣ ਦੀ ਗੱਲ ਕਰਦਿਆਂ ਪੰਜਾਬੀ ਦੀਆਂ ਉਪ ਭਾਸ਼ਾਵਾਂ ਵੱਲ ਇਸ਼ਾਰਾ ਕਰਦਿਆਂ ਹੋਇਆਂ ਪੰਜਾਬੀ ਬੋਲੀ ਦੇ ਹੋਏ ਨੁਕ-ਸਾਨ ਨੂੰ ਕੇਂਦਰ ਬਿੰਦੂ ਬਣਾਇਆ। ਪ੍ਰੋ. ਸੰਧੂ ਵਰਿਆਣਵੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਵਲੋਂ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ।ਇਸ ਮੌਕੇ ਸਭਾ ਦੇ ਮੀਤ ਪ੍ਰਧਾਨ ਗੁਰਨੇਕ ਸਿੰਘ ਸ਼ੇਰ, ਅਮਰੀਕ ਸਿੰਘ ਰਾਏ ਬੇਗਮਪੁਰੀ, ਹਰੀ ਕ੍ਰਿਸ਼ਨ ਪਟਵਾਰੀ, ਕੇਵਲ ਕ੍ਰਿਸ਼ਨ ਕਿਸ਼ਨਪੁਰੀ ਚੰਡੀਗੜ੍ਹ, ਮੋਹਣ ਲਾਲ ਰਾਹੀ ਚੰਡੀਗੜ੍ਹ, ਕਸ਼ਮੀਰ ਸਿੰਘ ਢਿਲੋਂ, ਨਰੇਸ਼ ਧੌਲ ਬਲਾਚੌਰ, ਮਾਸਟਰ ਹਰਿੰਦਰ ਸਿੰਘ ਨਵਾਂਸ਼ਹਿਰ ਲੰਗੜੋਆ ਵਾਲੇ, ਨਰਿੰਦਰ ਭੂੰਬਲਾ ਬਲਾਚੌਰ, ਰਵਿੰਦਰ ਸਿੰਘ ਮੱਲ੍ਹਾ ਬੇਦੀਆਂ, ਡਾ. ਗੁਰਮੀਤ ਸਿੰਘ ਸਰਾਂ ਮਜਾਰਾ ਕਲਾਂ, ਹਰਭਜਨ ਸਿੰਘ ਹੀਰ, ਪ੍ਰਿੰਸੀਪਲ ਜਸਪਾਲ ਸਿੰਘ ਗਿੱਦਾ, ਕਹਾਣੀਕਾਰ ਜੋਗੇ ਭੰਗਲ, ਪ੍ਰਸਿੱਧ ਕਵੀ ਦੀਪ ਕਲੇਰ, ਕਾਲਮ ਨਵੀਸ ਅਤੇ ਲੇਖ਼ਕ ਗੁਰਜਿੰਦਰ ਸਿੰਘ ਸਾਹਦੜਾ, ਦੇਸ ਰਾਜ ਬਾਲੀ ਪ੍ਰਧਾਨ ਪੰਜਾਬ ਸਾਹਿਤ ਸਭਾ ਨਵਾਂਸ਼ਹਿਰ, ਦਵਿੰਦਰ ਸਕੋਹਪੁਰੀ ਪ੍ਰਧਾਨ ਨਵਜੋਤ ਸਾਹਿਤ ਸਭਾ ਔੜ, ਨੂਰ ਕਮਲ ਲਿਖਾਰੀ ਸਭਾ ਜਗਤਪੁਰ, ਅਮਰਜੀਤ ਸਿੰਘ ਸ੍ਰੀ ਗੁਰੂ ਅਮਰਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ, ਜਸਵਿੰਦਰ ਸਿੰਘ ਨਵਾਂਸ਼ਹਿਰ, ਦੀਪ ਜਗਤਪੁਰੀ, ਜਸਵਿੰਦਰ ਸਿੰਘ ਅਤੇ ਮੰਚ ਸੰਚਾਲਨ ਕਰਦਿਆਂ ਸਭਾ ਦੇ ਸੀਨੀਅਰ ਸਕੱਤਰ ਹਰਦੀਪ ਸਿੰਘ ਕਲਮ ਗਹੂੰਣ ਨੇ ਮਾਂ ਬੋਲੀ ਦਾ ਮਨੁੱਖੀ ਜੀਵਨ ਵਿੱਚ ਮਹੱਤਵ 'ਤੇ ਚਾਨਣਾ ਪਾਉਂਦਿਆਂ ਹਾਜ਼ਰ ਕਵੀਆਂ ਦੇ ਗੀਤਾਂ, ਕਵਿਤਾਵਾਂ ਰਾਹੀਂ ਮਾਹੌਲ ਨੂੰ ਸਾਹਿਤਕ ਰੰਗਤ ਬਖਸ਼ੀ। ਇਸ ਮੌਕੇ ਮਨਮੋਹਨ ਸਿੰਘ ਖੇਲਾ ਸਿਡਨੀ ਵਾਲਿਆਂ ਵੀ ਪਹੁੰਚ ਕੇ ਸਭਾ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ਼ ਦਵਾਇਆ ਅਤੇ ਕਿਹਾ ਕਿ ਆਓ ਅਸੀਂ ਸਾਰੇ ਮਾਂ ਬੋਲੀ ਪੰਜਾਬੀ ਨੂੰ ਸਤਿਕਾਰ ਦੇਣ ਲਈ ਦੁਨੀਆਂ ਭਰ ਚ ਵੱਸਦੇ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਸਾਰੇ ਪੰਜਾਬੀ ਬੁੱਧੀਜੀਵੀ ਇੱਕਠੇ ਹੋ ਕੇ ਸਰਕਾਰਾਂ ਤੇ ਦਬਾਓ ਬਣਾਈਏ ਕਿ ਸਰਕਾਰੀ ਦਫਤਰਾਂ, ਸਕੂਲਾਂ, ਕਾਲਜਾਂ ਵਿੱਚ ਮਾਂ ਬੋਲੀ ਪੰਜਾਬੀ ਨੂੰ ਪਹਿਲ ਦੇ ਤੌਰ ਤੇ ਹਰ ਹਾਲਤ ਵਿੱਚ ਲਾਗੂ ਕੀਤਾ ਜਾਵੇ। ਸਭਾ ਦੇ ਪ੍ਰਧਾਨ ਦੀਦਾਰ ਸਿੰਘ ਸ਼ੇਤਰਾ ਕੌਲਗੜ੍ਹ ਵਾਲ੍ਹਿਆਂ ਨੇ ਇਸ ਮਹੱਤਵਪੂਰਨ ਵਿਸ਼ੇ 'ਤੇ ਰੱਖੇ ਗਏ ਵਿਚਾਰਾਂ 'ਤੇ ਵੱਖ-ਵੱਖ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਰਿਸ ਸ਼ਾਹ, ਪੀਲੂ ਕਾਦਰਯਾਰ,ਧਨੀ ਰਾਮ ਚਾਤ੍ਰਿਕ, ਸ਼ਰਧਾ ਰਾਮ ਫਿਲੌਰੀ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਪਾਤਰ, ਪਾਸ਼, ਸੰਤ ਰਾਮ ਉਦਾਸੀ ਦੀ ਮਾਂ ਬੋਲੀ ਪੰਜਾਬੀ, ਕਿਸੇ ਫਿਰਕੇ ਵਿਸ਼ੇਸ਼ ਦੀ ਬੋਲੀ ਨਾ ਹੋ ਕੇ ਪੰਜਾਂ ਪਾਣੀਆਂ ਦੀ ਇਸ ਧਰਤੀ ਦੇ ਜਾਇਆਂ ਦੀ ਬੋਲੀ ਹੈ। ਉਹਨਾਂ ਹੋਏ ਇਸ ਯਾਦਗਾਰੀ ਸੈਮੀਨਾਰ ਵਿੱਚ ਦਿੱਤੇ ਗਏ ਸਹਿਯੋਗ ਲਈ ਸਾਰੀਆਂ ਸਾਹਿਤ ਸਭਾਵਾਂ ਅਤੇ ਲੇਖਕਾਂ ਦਾ ਧੰਨਵਾਦ ਕੀਤਾ।

# ਕੌਮਾਂਤਰੀ ਮਾਂ ਬੋਲੀ ਦਿਹਾੜਾ ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਖੇ ਉਤਸ਼ਾਹ ਨਾਲ ਮਨਾਇਆ







ਮੁੱਖ ਮਹਿਮਾਨ ਸਨ ਮਾਲਵਿੰਦਰ ਸਿੰਘ ਕੰਗ ਸੰਬੋਧਨ ਕਰਦੇ ਹੋਏ। ਤਸਵੀਰ:– ਸੁਖਜਿੰਦਰ ਸਿੰਘ ਢੱਡੇ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਕੌਮਾਂਤਰੀ ਮਾਂ ਬੋਲੀ ਦਿਹਾੜੇ ਮੌਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-26 ਚੰਡੀਗੜ੍ਹ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸ਼੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਮੈਂਬਰ ਪਾਰਲੀਮੈਂਟ ਸ਼੍ਰੀ ਮਾਲਵਿੰਦਰ ਸਿੰਘ ਕੰਗ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਵਿਦਵਾਨਾਂ, ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦਿਆਂ ਮਾਂ ਬੋਲੀ ਪੰਜਾਬੀ ਦੀ ਅਹਿਮੀਅਤ ਅਤੇ ਮੌਜੂਦਾ ਸਮੇਂ ਵਿੱਚ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰ ਸਾਂਝੇ ਕੀਤੇ।

ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਭਾਸ਼ਾ ਨੂੰ ਸਮਰਪਿਤ ਸਾਹਿਤਕ ਪੇਸ਼ਕਾਰੀਆਂ ਨਾਲ ਹੋਈ ਜਿਸ ਤੋਂ ਬਾਅਦ ਬੁਲਾਰਿਆਂ ਨੇ ਮਾਂ ਬੋਲੀ ਦੇ ਸੱਭਿਆਚਾਰਕ, ਸਮਾਜਿਕ ਅਤੇ ਸਿੱਖਿਆਕ ਮਹੱਤਵ ‘ਤੇ ਚਰਚਾ ਕੀਤੀ। ਆਪਣੇ ਸੰਬੋਧਨ ਦੌਰਾਨ ਸ੍ਰੀ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਮਾਂ ਬੋਲੀ ਕਿਸੇ ਵੀ ਕੌਮ ਦੀ ਪਛਾਣ ਅਤੇ ਵਿਰ-ਾਸਤ ਦੀ ਮਜ਼ਬੂਤ ਨੀਂਹ ਹੁੰਦੀ ਹੈ ਅਤੇ ਪੰਜਾਬੀ ਭਾਸ਼ਾ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਸੰਸਥਾਵਾਂ ਦਾ ਮਾਂ ਬੋਲੀ ਦੇ ਪ੍ਰਚਾਰ-ਪਸਾਰ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ ਅਤੇ ਨੌਜਵਾਨਾਂ ਨੂੰ ਪੰਜਾਬੀ ਸਾਹਿਤ, ਇਤਿਹਾਸ ਅਤੇ ਸੱਭਿਆਚਾਰ ਨਾਲ ਜੋੜਨਾ ਸਮੇਂ ਦੀ ਲੋੜ ਹੈ।

ਸਮਾਗਮ ਦੌਰਾਨ ਮਾਂ ਬੋਲੀ ਪੰਜਾਬੀ ਨੂੰ ਆ ਰਹੀਆਂ ਸਮੱਸਿਆਵਾਂ ਜਿਵੇਂ ਕਿ ਘਰਾਂ ਅਤੇ ਸਿੱਖਿਆ ਪ੍ਰਣਾਲੀ ਵਿੱਚ ਪੰਜਾਬੀ ਦੀ ਘਟਦੀ ਵਰਤੋਂ, ਅੰਗਰੇਜ਼ੀ ਭਾਸ਼ਾ ਦੇ ਵਧਦੇ ਪ੍ਰਭਾਵ ਅਤੇ ਡਿਜ਼ੀਟਲ ਮਾਧਿਅਮਾਂ ਵਿੱਚ ਪੰਜਾਬੀ ਸਮੱਗਰੀ ਦੀ ਘਾਟ ‘ਤੇ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ ਗਈ। ਵਿਦਵਾਨਾਂ ਨੇ ਸੁਝਾਅ ਦਿੱਤਾ ਕਿ ਪੰਜਾਬੀ ਭਾਸ਼ਾ ਨੂੰ ਤਕਨਾਲੋਜੀ ਨਾਲ ਜੋੜ ਕੇ ਨਵੀਂ ਪੀੜ੍ਹੀ ਵਿੱਚ ਇਸਦੀ ਵਰਤੋਂ ਵਧਾਈ ਜਾ ਸਕਦੀ ਹੈ।

ਹਾਜ਼ਰੀਨਾਂ ਨੇ ਕੌਮਾਂਤਰੀ ਮਾਂ ਬੋਲੀ ਦਿਹਾੜੇ ਦੀ ਇਕ ਦੂਜੇ ਨੂੰ ਵਧਾਈ ਦਿੰਦਿਆਂ ਭਾਸ਼ਾਈ ਵਿਰਾਸਤ ਦੀ ਸੰਭਾਲ ਲਈ ਸਾਂਝੇ ਯਤਨ ਕਰਨ ਦਾ ਸੰਕਲਪ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਵਿਕਾਸ ਲਈ ਲਗਾਤਾਰ ਅਜਿਹੇ ਸਮਾਗਮ ਕਰਵਾਉਣ ਦੀ ਲੋੜ ‘ਤੇ ਜ਼ੋਰ ਦਿੱਤਾ ਗਿਆ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਸ਼ੰਕਰਾ ਆਈ ਹਸਪਤਾਲ, ਲੁਧਿਆਣਾ ਵਿਖੇ 14ਵਾਂ ਸਾਲਾਨਾ ਦਿਵਸ ਮਨਾਇਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ੰਕਰਾ ਆਈ ਫਾਊਂਡੇਸ਼ਨ ਨੇ ਸ਼ੰਕਰਾ ਆਈ ਹਸਪਤਾਲ, ਲੁਧਿਆਣਾ ਦਾ 14ਵਾਂ ਸਾਲਾਨਾ ਦਿਵਸ ਮਾਣ ਨਾਲ ਮਨਾਇਆ, ਜੋ ਕਿ ਗੁਣਵੱਤਾ ਅਤੇ ਕਿਫਾਇਤੀ ਅੱਖਾਂ ਦੀ ਦੇਖਭਾਲ ਪ੍ਰਦਾਨ ਕਰਨ ਵਿੱਚ ਸਾਲਾਂ ਤੋਂ ਸਮਰਪਿਤ ਸੇਵਾ ਨੂੰ ਦਰਸਾਉਂਦਾ ਹੈ। ਇਸ ਸਮਾਗਮ ਦੀ ਸ਼ੋਭਾ ਪਦਮਸ਼੍ਰੀ ਡਾ: ਆਰ.ਵੀ. ਰਮਾਨੀ ਨੇ ਨਿਭਾਈ। ਸ਼ੰਕਰਾ ਆਈ ਫਾਊਂਡੇਸ਼ਨ, ਭਾਰਤ ਦੇ ਸੰਸਥਾਪਕ ਅਤੇ ਮੈਨੇਜਿੰਗ ਟਰੱਸਟੀ, ਰਣਜੋਧ ਸਿੰਘ (ਸਰਪ੍ਰਸਤ) ਸ਼ੰਕਰਾ ਆਈ ਹਸਪਤਾਲ, ਲੁਧਿਆਣਾ, ਭਰਤ ਬਾਲਸੁਬਰਾਮਨੀਅਮ (ਪ੍ਰਧਾਨ -ਸੰਚਾਲਨ), ਅਤੇ ਕੌਸ਼ਿਕ ਮੁਰਲੀ (ਪ੍ਰਧਾਨ - ਮੈਡੀਕਲ ਪ੍ਰਸ਼ਾਸਨ, ਗੁਣਵੱਤਾ ਅਤੇ ਸਿਖਲਾਈ) ਦੇ ਨਾਲ। ਸ਼ੰਕਰਾ ਆਈ ਹਸਪਤਾਲ, ਲੁਧਿਆਣਾ, ਇੱਕ ਪ੍ਰਮੁੱਖ ਚੈਰੀਟੇਬਲ ਅੱਖਾਂ ਦੀ ਦੇਖਭਾਲ ਸੰਸਥਾ ਹੈ, ਜੋ ਕਿ ਵਿਆਪਕ ਪਿੰਡ ਆਊਟਰੀਚ ਪ੍ਰੋਗਰਾਮਾਂ ਅਤੇ ਕਮਿਊਨਿਟੀ ਅੱਖਾਂ ਦੇ ਕੈਂਪਾਂ ਰਾਹੀਂ ਗਰੀਬ ਮਰੀਜ਼ਾਂ ਨੂੰ 80% ਮੁਫ਼ਤ ਮੋਤੀਆਬਿੰਦ ਅੱਖਾਂ ਦੇ ਸਰਜਰੀ ਪ੍ਰਦਾਨ ਕਰਦੀ ਹੈ, ਜਦੋਂ ਕਿ 20% ਸੇਵਾਵਾਂ ਭੁਗਤਾਨ ਸ਼੍ਰੇਣੀ ਦੇ ਤਹਿਤ ਦਿੱਤੀਆਂ ਜਾਂਦੀਆਂ ਹਨ। ਇਹ ਟਿਕਾਊ ਮਾਡਲ ਸਮਾਜ ਦੇ ਸਾਰੇ ਵਰਗਾਂ ਲਈ ਉੱਚ-ਗੁਣਵੱਤਾ ਵਾਲੇ ਇਲਾਜ ਨੂੰ ਯਕੀਨੀ ਬਣਾਉਂਦਾ ਹੈ।ਆਪਣੇ ਮਿਸ਼ਨ, "ਇੱਕ ਮਜ਼ਬੂਤ ਸੇਵਾ-ਮੁਖੀ ਟੀਮ ਰਾਹੀਂ ਬੇਮਿਸਾਲ ਅੱਖਾਂ ਦੀ ਦੇਖਭਾਲ ਪ੍ਰਦਾਨ ਕਰਨ ਲਈ ਹਸਪਤਾਲ ਪੂਰੇ ਖੇਤਰ ਵਿੱਚ ਵਚਣਯੋਗ ਹੈ । ਅੰਨ੍ਹੇਪਣ ਨੂੰ ਖਤਮ ਕਰਨ ਅਤੇ ਦ੍ਰਿਸ਼ਟੀ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਜਾਰੀ ਰੱਖਦਾ ਹੈ।ਸਾਲਾਨਾ ਦਿਵਸ ਸਮਾਰੋਹ ਸੰਸਥਾ ਦੀ ਉੱਤਮਤਾ, ਹਮਦਰਦੀ ਅਤੇ ਭਾਈਚਾਰਕ ਸੇਵਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਸੱਤਿਆ ਭਾਰਤੀ ਸਕੂਲ ਤੁੰਗਾਂਹੇੜੀ 'ਚ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ





**ਰਾਏਕੋਟ, ( ਗੁਰਭਿੰਦਰ ਗੁਰੀ )** ਨਜਦੀਕੀ ਪਿੰਡ ਤੁੰਗਾਂਹੇੜੀ 'ਚ ਭਾਰਤੀ ਏਅਰਟੈਲ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਸੱਤਿਆ ਭਾਰਤੀ ਸਕੂਲ ਵਿੱਚ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਪੰਜਾਬੀ ਮਾਂ ਬੋਲੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਪੰਜਾਬੀ ਅੱਖਰਾਂ' ਚ ਪਰੋਕੇ ਪੰਜਾਬੀ ਬੋਲੀ ਨੂੰ ਅਪਣਾਉਣ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸਕੂਲ ਮੁਖੀ ਸ਼ਰਨਜੀਤ ਕੌਰ ਨੇ ਕਿਹਾ ਕਿ ਇਨਸਾਨ ਦਾ ਸਭ ਤੋਂ ਨੇੜਲਾ ਰਿਸ਼ਤਾ ਮਾਂ ਨਾਲ ਹੁੰਦਾ ਹੈ। ਜੇ ਮਾਂ ਮਨੁੱਖ ਨੂੰ ਜਨਮ ਦਿੰਦੀ ਹੈ ਤਾਂ ਬੋਲੀ ਉਸਨੂੰ ਜ਼ਿੰਦਗੀ ਦੇ ਅਰਥ ਦੱਸਦੀ ਹੈ ਤੇ ਜਿਉਣ ਦਾ ਢੰਗ ਸਮਝਾਉਂਦੀ ਹੈ ਅਤੇ ਇਹਨੀਂ ਗੂੜ੍ਹੀ ਨਾਤੇਦਾਰੀ ਕਰਕੇ ਮਨੁੱਖ ਨੇ ਬੋਲੀ ਨਾਲ 'ਮਾਂ' ਦਾ ਰਿਸ਼ਤਾ ਜੋੜਿਆ। ਉਨ੍ਹਾਂ ਕਿਹਾ ਕਿ ਮਾਂ ਬੋਲੀ ਉਹ ਬੋਲੀ ਹੁੰਦੀ ਹੈ, ਜਿਸਨੂੰ ਬੱਚਾ ਮਾਂ ਦੇ ਗਰਭ 'ਚ ਹੀ ਸਿੱਖ ਲੈਂਦਾ ਹੈ। ਇਸ ਤਰ੍ਹਾਂ ਮਾਂ ਵਾਂਗ ਬੋਲੀ ਨਾਲ ਉਸਦਾ ਨਾਤਾ ਜਨਮ ਤੋਂ ਪਹਿਲਾਂ ਹੀ ਜੁੜ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਨੂੰ ਮਾਂ ਬੋਲੀ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਾਂ-ਬੋਲੀ ਰੱਬੀ ਤੇ ਕੁਦਰਤੀ ਦਾਤ ਹੁੰਦੀ ਹੈ, ਜਿਸਦੇ ਸ਼ੀਸ਼ੇ ਵਿਚੋਂ ਵਿਰਸੇ ਦੇ ਝਲਕਾਰੇ ਪੈਂਦੇ ਨੇ ਤੇ ਮਾਂ ਬੋਲੀ ਨੂੰ ਭੁੱਲ ਜਾਣ ਵਾਲੇ ਲੋਕ ਅਕਸਰ ਇਤਿਹਾਸ ਦੇ ਪੰਨਿਆਂ 'ਚ ਗੁਆਚ ਜਾਂਦੇ ਹਨ। ਇਸ ਸਮੇਂ ਮੈਡਮ ਪ੍ਰਵੀਨ ਕੌਰ, ਕਮਲਜੀਤ ਕੌਰ, ਵੀਰਪਾਲ ਕੌਰ, ਸੁਮਨਦੀਪ ਕੌਰ, ਨਵਜੋਤ ਕੌਰ ਤੇ ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਧਰਮ ਦੇ ਵਿਦਿਆਰਥੀਆਂ, ਖੋਜਾਰਥੀਆਂ ਅਤੇ ਸ਼ਰਧਾਲੂ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੀ ਦੂਜੇ ਦਿਨ ਦੀ ਜਵੱਦੀ ਟਕਸਾਲ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ

## ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸ਼ੀਅਤ ਬਿਆਨਾਂ ਲਈ ਸ਼ਬਦ ਥੋੜਦੇ ਹਨ-ਸੰਤ ਅਮੀਰ ਸਿੰਘ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ ਤਿੰਨ ਦਿਨਾਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਦਿਨ ਸਵੇਰ ਚੌਥੀ ਵਿਦਿਅਕ ਬੈਠਕ ਦੀ ਪ੍ਰਧਾਨਗੀ ਮੰਡਲ ਵਿੱਚ ਡਾ: ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਡਾ: ਬਲਜਿੰਦਰ ਕੌਰ ਸਾ: ਡਾਇਰੈਕਟਰ ਪੰਜਾਬ ਯੂਨੀਵਰਸਿਟੀ ਰਿਸਰਚ ਸੈਂਟਰ, ਡਾ: ਸੁਖਵਿੰਦਰ ਸਿੰਘ ਲਾਇਲ ਅਤੇ ਗਿਆਨੀ ਸੰਤੋਖ ਸਿੰਘ ਆਸਟਰੇਲੀਆ ਪ੍ਰਧਾਨਗੀ ਮੰਡਲ 'ਚ ਜਦਕਿ ਪ੍ਰਧਾਨਗੀ ਡਾ: ਪਰਮਜੀਤ ਕੌਰ ਗਿੱਲ ਮੁਖੀ ਰਾਜਨੀਤਿਕ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਨਿਧੜਕਤਾ ਨਾਲ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰਬਾਣੀ, ਸਿੱਖ ਇਤਿਹਾਸ ਸੰਬੰਧੀ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੇ ਡਾ: ਪਿਆਰੇ ਲਾਲ ਗਰਗ ਨੇ ਪ੍ਰਧਾਨਗੀ ਕੀਤੀ। ਪ੍ਰਧਾਨਗੀ ਸ਼ਬਦਾਂ ਦੀ ਸਾਂਝ ਪਾਉਂਦਿਆਂ ਉਨ੍ਹਾਂ ਦਸ਼ਮੇਸ਼ ਪਿਤਾ ਜੀ ਦੀ ਬਾਣੀ ਜਾਪ ਸਾਹਿਬ ਅਤੇ ਅਕਾਲ ਉਸਤਤਿ ਵਿਚਲੀ ਬਾਣੀਆਂ ਦੇ ਹਵਾਲੇ ਨਾਲ ਕਿਹਾ ਕਿ ਜਿੱਥੋਂ ਤੱਕ ਜੀਵਨ ਜਾਂਚ ਦਾ ਤੁਅੱਲਕ ਹੈ, ਸਤਿਗੁਰਾਂ ਨੇ ਦੋ ਵਿਸ਼ੇਸ਼ ਗੱਲਾਂ ਕਹੀਆਂ ਪਹਿਲੀ ਇਹ ਕਿ ਪਰਮੇਸ਼ਰ ਪ੍ਰੇਮ ਸਰੂਪ ਹੈ ਤੇ ਉਹ ਅਨੁਰਾਗ ਬਣ ਕੇ ਹੀ ਜਗਤ ਦੇ ਬਾਗ ਵਿਚ ਟਹਿਕ-ਮਹਿਕ ਪੈਦਾ ਕਰ ਰਿਹਾ ਹੈ। ਫਿਰ ਉਸਨੂੰ ਪਾਉਣ ਦਾ ਤਰੀਕਾ ਵੀ ਪ੍ਰੇਮ ਹੀ ਹੈ, ਬਾਕੀ ਸਾਧਨ ਐਵੇਂ ਦੇਖ-ਦਿਖਾਵੇ ਦੇ ਹਨ। ਉਨ੍ਹਾਂ ਪੁਰਾਤਨ ਅਤੇ ਅਜੋਕੇ ਵਕਤ ਦੇ ਹਾਲਾਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਧਾਰਮਿਕ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਵਿਸ਼ਵਾਰਥੀ ਜਾਂ ਯੂਨੀਵਰਸਲ ਹੁੰਦੀ ਹੈ ਤੇ ਆਮ ਸੰਸਾਰੀ ਆਦਮੀ ਦੀ ਦ੍ਰਿਸ਼ਟੀ ਵਧੇਰੇ ਕਰਕੇ ਸਵਾਰਥੀ ਹੁੰਦੀ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਾਲ ਦ੍ਰਿਸ਼ਟੀ ਇਹ ਅਨੁਭਵ ਕਰਦੀ ਸੀ ਕਿ ਸਿਵਾਇ ਪ੍ਰੇਮ-ਪਿਆਰ ਦੀ ਗੁੜ੍ਹਤੀ ਦੇ ਮਨੁੱਖਤਾ ਨੂੰ ਏਕਤਾ ਦੇ ਧਾਗੇ ਵਿੱਚ ਨਹੀਂ ਪਰੋਇਆ ਜਾ ਸਕਦਾ। ਇਸ ਕਰਕੇ ਜਿੱਥੇ ਉਹਨਾਂ ਇਨਸਾਨੀ ਏਕਤਾ ਉੱਤੇ ਜ਼ੋਰ ਦਿੱਤਾ, ਉੱਥੇ ਬਾਕੀ ਧਰਮ ਕਰਮ ਦੀ ਏਕਤਾ ਨੂੰ ਪਛਾਨਣ ਦੀ ਵੀ ਤਾਕੀਦ ਕੀਤੀ। ਇਹੋ ਹੀ ਇੱਕ ਸਾਰਥਕ ਵਿਧੀ ਸੀ ਜਿਸ ਨਾਲ ਸਰਬੱਤ ਦੇ ਭਲੇ ਦਾ ਮਿਸ਼ਨ ਪੂਰਾ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਮਨੁੱਖੀ ਏਕਤਾ ਦਾ ਭਾਵ ਇਹ ਨਹੀਂ ਕਿ ਭਲੇ ਬੁਰੇ ਦੀ ਪਛਾਣ ਨਹੀਂ ਕਰਨਾ, ਸਾਧ-ਚੋਰ ਜਾਂ ਚੰਗੇ-ਮੰਦੇ ਨੂੰ ਇੱਕ ਸਮਾਨ ਸਮਝ ਲੈਣਾ । ਸਗੋਂ ਗੁਰੂ ਸਾਹਿਬ ਨੇ ਆਪਣਾ ਜੀਵਨ ਉਦੇਸ਼ ਦੱਸਦਿਆਂ ਸਾਫ ਕਿਹਾ ਕਿ ਮੈਂ ਕੇਵਲ ਭਲੇ ਪੁਰਸ਼ਾਂ ਦੀ ਮਦਦ ਲਈ ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ ਹੀ ਆਇਆ ਹਾਂ। ਮੇਰਾ ਕੰਮ ਹਰ ਤਰ੍ਹਾਂ ਧਰਮ ਨੂੰ ਮਜ਼ਬੂਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਬਿਲਕੁਲ ਸਪਸ਼ਟ ਸੀ ਕਿ ਭਲੇ ਕਿਰਤੀ ਲੋਕਾਂ ਦੀ ਹਮਾਇਤ ਕਰਨਾ ਤੇ ਲੁੱਟ ਖਸੁੱਟ ਕਰਨ ਵਾਲੀ ਰਾਜਸੀ ਸੁਆਰਥੀ ਸ਼੍ਰੇਣੀ ਨੂੰ ਸਮਰੱਥਾਹੀਣ ਕਰਨਾ ਸੀ। ਇਸੇ ਕਰਕੇ ਉਹਨਾਂ ਆਪਣੇ ਤਨ ਮਨ, ਧਨ ਦੀ ਸ਼ਕਤੀ ਨੇਕ ਕਿਰਤੀ ਲੋਕਾਂ ਦੇ ਵਿਕਾਸ ਵਿੱਚ ਲਾਈ ਅਤੇ ਉਹਨਾਂ ਦਾ ਜਸ ਵੀ ਗਾਇਆ। ਬਾਅਦ ਦੁਪਹਿਰ ਪੰਜਵੀਂ ਵਿਦਿਅਕ ਬੈਠਕ ਦੇ ਮੁੱਖ ਮਹਿਮਾਨ ਡਾਕਟਰ ਹਰਜਿੰਦਰ ਸਿੰਘ ਰੋਜ਼, ਵਿਸ਼ੇਸ਼ ਮਹਿਮਾਨ ਡਾਕਟਰ ਸਤੀਸ਼ ਕੁਮਾਰ ਸ਼ਰਮਾ ਅਤੇ ਡਾਕਟਰ ਗੁਰਚਰਨ ਸਿੰਘ ਸੱਗੂ ਇੰਗਲੈਂਡ, ਪ੍ਰਧਾਨਗੀ ਪ੍ਰੋਫੈਸਰ ਹਿੰਮਤ ਸਿੰਘ, ਸੈਸ਼ਨ ਕੋਆਰਡੀਨੇਟਰ ਡਾਕਟਰ ਗੁਰਦੀਪ ਕੌਰ ਸ਼ਾਸਨ ਰਿਪੋਰਟ ਡਾਕਟਰ ਅਮਰਿੰਦਰ ਕੌਰ ਨੇ ਕੀਤੀ। ਚੌਥੀ ਵਿਦਿਅਕ ਬੈਠਕ ਦੌਰਾਨ ਨੌ ਵਿਦਵਾਨਾਂ ਨੇ ਖੋਜ ਭਰਪੂਰ ਪਰਚੇ ਪੜ੍ਹੇ। ਅੱਜ ਦੀ ਕਾਨਫਰੰਸ 'ਚ ਵਿਦਵਾਨ ਬੁਲਾਰਿਆਂ ਅਤੇ ਅਹਿਮ ਸ਼ਖ਼ਸ਼ੀਅਤਾਂ ਦਾ ਸਨਮਾਨ ਸੰਤ ਬਾਬਾ ਅਮੀਰ ਸਿੰਘ ਜੀ ਨੇ ਕੀਤਾ ਅਤੇ ਅੱਜ ਦੀ ਕਾਨਫਰੰਸ ਦੀ ਸਮਾਪਤੀ ਮੌਕੇ ਚੋਣਵੇਂ ਸ਼ਬਦਾਂ 'ਚ ਕਿਹਾ ਕਿ ਸਾਹਿਬ-ਏ-ਕਮਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖ।ਸ਼ੀਅਤ ਨੂੰ ਬਿਆਨਾਂ ਲਈ ਸ਼ਬਦ ਥੋੜਦੇ ਹਨ, ਸਬਦਾਂ 'ਚ ਸੰਕੋਚਿਆ ਨਹੀਂ ਜਾ ਸਕਦਾ। ਅੱਜ ਦੂਜੇ ਦਿਨ ਦੀ ਕਾਨਫਰੰਸ ਧਰਮ ਖੇਤਰ ਦੇ ਵਿਦਿਆਰਥੀਆਂ ਖੋਜਾਰਥੀਆਂ ਅਤੇ ਸ਼ਰਧਾਲੂ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੀ ਰਹੀ।

# 50 ਸਾਲਾਂ ਤੋਂ ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਸਮਰਪਿਤ ਸੰਸਥਾ ਨੇ ਲਗਭਗ 100 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ

**ਰਾਏਕੋਟ, ਗੁਰਭਿੰਦਰ ਗੁਰੀ** ਸਵਾਮੀ ਗੰਗਾ ਗਿਰੀ ਜੰਤਾ ਗਰਲਜ਼ ਕਾਲਜ, ਰਾਏਕੋਟ ਵਿੱਚ 21 ਫਰਵਰੀ ਨੂੰ ਬਹੁਤ ਹੀ ਗੰਭੀਰਤਾ ਅਤੇ ਪ੍ਰੇਰਣਾਦਾਇਕ ਮਾਹੌਲ ਵਿੱਚ ਡਿਗਰੀ ਵੰਡ ਸਮਾਰੋਹ ਕਰਵਾਇਆ ਗਿਆ। ਪੰਜਾਹ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਕਾਲਜ ਇਲਾਕੇ ਵਿੱਚ ਲੜਕੀਆਂ ਦੀ ਉੱਚ ਸਿੱਖਿਆ ਲਈ ਲਗਾਤਾਰ ਕੰਮ ਕਰ ਰਿਹਾ ਹੈ ਅਤੇ ਅੱਜ ਵੀ ਇਸ ਖੇਤਰ ਵਿੱਚ ਧੀਆਂ ਦੀ ਸਿੱਖਿਆ ਲਈ ਸਮਰਪਿਤ ਇੱਕ ਪ੍ਰਮੁੱਖ ਸੰਸਥਾ ਵਜੋਂ ਆਪਣੀ ਪਛਾਣ ਬਣਾਈ ਹੋਈ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਝੰਡਾ ਲਹਿਰਾਉਣ ਨਾਲ ਹੋਈ। ਇਸ ਤੋਂ ਬਾਅਦ ਐਕੈਡਮਿਕ ਪ੍ਰੋਸੈਸ਼ਨ ਦੇ ਨਾਲ ਮੁੱਖ ਮਹਿਮਾਨ ਅਤੇ ਹੋਰ ਪਤਵੰਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਸ਼ਮਾ ਰੌਸ਼ਨ ਅਤੇ ਸਰਸਵਤੀ ਵੰਦਨਾ ਨਾਲ ਸਮਾਰੋਹ ਦੀ ਸ਼ੁਰੂਆਤ ਹੋਈ। ਸੰਗੀਤ ਵਿਭਾਗ ਵੱਲੋਂ ਸੁਰੀਲਾ ਸਾਜ਼ਾਂ ਦਾ ਪ੍ਰੋਗਰਾਮ (ਆਰਕੈਸਟਰਾ) ਪੇਸ਼ ਕੀਤਾ ਗਿਆ, ਜਿਸ ਨਾਲ ਪੂਰੇ ਮਾਹੌਲ ਨੂੰ ਸੱਭਿਆਚਾਰਕ ਗੰਭੀਰਤਾ ਪ੍ਰਾਪਤ ਹੋਈ।

ਮੁੱਖ ਮਹਿਮਾਨ ਵਜੋਂ ਸ਼੍ਰੀ ਸੁਦਰਸ਼ਨ ਸ਼ਰਮਾ, ਪ੍ਰਧਾਨ, ਆਰੀਆ ਪ੍ਰਤੀਨਿਧੀ ਸਭਾ ਪੰਜਾਬ (ਰਜਿ.), ਜਲੰਧਰ ਮੌਜੂਦ ਰਹੇ। ਉਨ੍ਹਾਂ ਦੇ ਨਾਲ ਵਿਸ਼ੇਸ਼ ਮਹਿਮਾਨਾਂ ਵਜੋਂ ਸ਼੍ਰੀ ਪ੍ਰੇਮ ਭਾਰਦਵਾਜ, ਜਨਰਲ ਸਕੱਤਰ ਆਰੀਆ ਪ੍ਰਤੀਨਿਧੀ ਸਭਾ ਪੰਜਾਬ (ਰਜਿ.), ਜਲੰਧਰ ਮੌਜੂਦ ਰਹੇ।ਸਟੇਜ ਉੱਤੇ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਕੌੜਾ, ਉਪ-ਪ੍ਰਧਾਨ ਸ਼੍ਰੀ ਆਰ. ਐਨ. ਜੋਸ਼ੀ, ਸਕੱਤਰ ਸ਼੍ਰੀ ਸੁਨੀਲ ਸ਼ਰਮਾ ਅਤੇ ਪ੍ਰਿੰਸੀਪਲ ਡਾ. ਰਜਨੀ ਬਾਲਾ ਸਮੇਤ ਹੋਰ ਪਤਵੰਤੇ ਮੈਂਬਰ ਮੌਜੂਦ ਸਨ। ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਗੁਲਦਸਤਿਆਂ ਅਤੇ ਮਾਲਾ ਪਾ ਕੇ ਸਨਮਾਨਿਤ ਕੀਤਾ ਗਿਆ।

ਪ੍ਰਿੰਸੀਪਲ ਡਾ. ਰਜਨੀ ਬਾਲਾ ਨੇ ਸਾਰੇ ਮਹਿਮਾਨਾਂ ਅਤੇ ਹਾਜ਼ਰ ਜਨਾਂ ਦਾ ਸਵਾਗਤ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਾਲਜ ਦੀ ਪੰਜਾਹ ਸਾਲਾਂ ਤੋਂ ਵੱਧ ਦੀ ਸ਼ਾਨਦਾਰ ਯਾਤਰਾ,



ਵਿਦਿਆਰਥਣਾਂ ਦੀਆਂ ਵਿਦਿਅਕ ਪ੍ਰਾਪਤੀਆਂ, ਐਨ.ਸੀ.ਸੀ. ਅਤੇ ਐਨ.ਐੱਸ.ਐੱਸ. ਦੀਆਂ ਸਮਾਜਿਕ ਗਤੀਵਿਧੀਆਂ, ਹੁਨਰ ਵਿਕਾਸ ਪ੍ਰੋਗਰਾਮਾਂ, ਖੇਡ ਪ੍ਰਾਪਤੀਆਂ ਅਤੇ ਸੱਭਿਆਚਾਰਕ ਸਫਲਤਾਵਾਂ ਦਾ ਜ਼ਿਕਰ ਕੀਤਾ।

ਇਸ ਮੌਕੇ ਪ੍ਰਿੰਸੀਪਲ ਵੱਲੋਂ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਸਾਲ ਭਰ ਦੀਆਂ ਸਾਰੀਆਂ ਅਕਾਦਮਿਕ ਅਤੇ ਸਹਿ-ਵਿਦਿਅਕ ਗਤੀਵਿਧੀਆਂ ਦਾ ਵਿਸਥਾਰਪੂਰਵਕ ਵੇਰਵਾ ਦਿੱਤਾ ਗਿਆ।ਸਮਾਰੋਹ ਦਾ ਮੁੱਖ ਆਕਰਸ਼ਣ ਡਿਗਰੀ ਵੰਡ ਰਿਹਾ, ਜਿਸ ਵਿੱਚ ਲਗਭਗ 100 ਵਿਦਿਆਰਥਣਾਂ ਨੂੰ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੱਧਰ ਦੀਆਂ ਡਿਗਰੀਆਂ ਵੰਡੀਆਂ ਗਈਆਂ। ਸਮਾਗਮ ਦੌਰਾਨ ਗ੍ਰੈਜੂਏਸ਼ਨ ਕੋਰਸ:ਬੀ.ਏ., ਬੀ.ਕਾਮ., ਬੀ.ਸੀ.ਏ.ਪੋਸਟ ਗ੍ਰੈਜੂਏਸ਼ਨ ਕੋਰਸ:ਐਮ.ਏ. ਰਾਜਨੀਤੀ ਵਿਗਿਆਨ, ਐਮ.ਏ. ਪੰਜਾਬੀ, ਐਮ.ਕਾਮ., ਪੀ.ਜੀ.ਡੀ.ਸੀ.ਏ.ਦੀਆਂ ਵਿਦਿਆਰਥਣਾਂ ਨੇ ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਨਾਲ ਸਟੇਜ 'ਤੇ ਆ ਕੇ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ।ਵਿਸ਼ੇਸ਼ ਤੌਰ 'ਤੇ ਉਸ ਵਿਦਿਆਰਥਣ ਦਾ ਜ਼ਿਕਰ ਕੀਤਾ ਗਿਆ ਜਿਸ ਨੇ ਐਮ.ਏ. ਰਾਜਨੀਤੀ ਵਿਗਿਆਨ ਵਿੱਚ ਯੂਨੀਵਰਸਿਟੀ ਪੱਧਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡਿਗਰੀ ਵੰਡ ਸਮਾਰੋਹ ਵਿੱਚ ਮਾਨਯੋਗ ਸ਼੍ਰੀ ਜਗਦੀਪ ਧਨਖੜ, ਉਪ ਰਾਸ਼ਟਰਪਤੀ ਭਾਰਤ ਤੋਂ ਡਿਗਰੀ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ।ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ਼੍ਰੀ ਰਾਜਿੰਦਰ ਕੌੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਕਾਲਜ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਲਾਕੇ ਵਿੱਚ ਲੜਕੀਆਂ ਦੀ ਸਿੱਖਿਆ ਦੀ ਮਸ਼ਾਲ ਜਗਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਦੇ ਜ਼ਰੀਏ ਧੀਆਂ ਨੂੰ ਆਤਮਨਿਰਭਰ ਬਣਾਉਣਾ ਹੀ ਸੰਸਥਾ ਦਾ ਮੁੱਖ ਉਦੇਸ਼ ਹੈ। ਮੁੱਖ ਮਹਿਮਾਨ ਸ਼੍ਰੀ ਸੁਦਰਸ਼ਨ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਸਿਰਫ ਡਿਗਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਜੀਵਨ ਨਿਰਮਾਣ ਅਤੇ ਰਾਸ਼ਟਰ ਨਿਰਮਾਣ ਦੀ ਬੁਨਿਆਦ ਹੈ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸੱਚਾਈ, ਅਨੁਸ਼ਾਸਨ, ਮਿਹਨਤ ਅਤੇ ਸੇਵਾ ਭਾਵ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਪ੍ਰੇਰਣਾ ਦਿੱਤੀ ਅਤੇ ਕਾਲਜ ਦੀ ਤਰੱਕੀ ਦੀ ਸ਼ਲਾਘਾ ਕੀਤੀ। ਸਮਾਰੋਹ ਦੇ ਅੰਤ ਵਿੱਚ ਸਕੱਤਰ ਸ਼੍ਰੀ ਸੁਨੀਲ ਸ਼ਰਮਾ ਨੇ ਸਾਰੇ ਮਹਿਮਾਨਾਂ, ਪ੍ਰਬੰਧਕੀ ਕਮੇਟੀ, ਅਧਿਆਪਕ ਵਰਗ, ਮਾਪਿਆਂ ਅਤੇ ਵਿਦਿਆਰਥਣਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

ਪੂਰਾ ਸਮਾਰੋਹ ਅਨੁਸ਼ਾਸਨ, ਉਤਸ਼ਾਹ ਅਤੇ ਗੰਭੀਰਤਾ ਨਾਲ ਮੁਕੰਮਲ ਹੋਇਆ ਅਤੇ ਵਿਦਿਆਰਥਣਾਂ ਦੇ ਜੀਵਨ ਦੇ ਇੱਕ ਨਵੇਂ ਅਧਿਆਇ ਦੀ ਪ੍ਰੇਰਣਾਦਾਇਕ ਸ਼ੁਰੂਆਤ ਦਾ ਗਵਾਹ ਬਣਿਆ।ਇਸ ਅਵਸਰ ਤੇ ਸ਼੍ਰੀ ਐਸ. ਐਮ. ਸ਼ਰਮਾ, ਸ਼੍ਰੀ ਸੁਦਰਸ਼ਨ ਜੋਸ਼ੀ, ਸ਼੍ਰੀ ਪ੍ਰੇਮ ਨਾਥ ਗੋਇਲ, ਸ਼੍ਰੀ ਪਰਵਿੰਦਰ ਗੋਇਲ, ਸ਼੍ਰੀ ਰਾਮ ਕੁਮਾਰ ਸੋਬਤੀ, ਸ਼੍ਰੀ ਮੁਕੇਸ਼ ਕੌੜਾ, ਸ਼੍ਰੀ ਗੌਰਵ ਸਰੀਨ ਅਤੇ ਸ਼੍ਰੀ ਅਨੀਲ ਸਚਰ ਕਨਵੋਕੇਸ਼ਨ ਸਮਾਰੋਹ ਵਿੱਚ ਉਪਸਥਿਤ ਰਹੇ ਅਤੇ ਆਪਣੀ ਗੌਰਵਮਈ ਹਾਜ਼ਰੀ ਨਾਲ ਸਮਾਰੋਹ ਦੀ ਸ਼ੋਭਾ ਵਧਾਈ।

# ਚਰਚ ਵਲੰਟੀਅਰ ਵੱਲੋਂ ਨਾਬਾਲਿਗ ਕੁੜੀ ਨਾਲ ਗਰੂਮਿੰਗ ਦਾ ਮਾਮਲਾ: ਦੋਸ਼ੀ ਨੂੰ ਤਿੰਨ ਸਾਲ ਤੋਂ ਵੱਧ ਕੈਦ ਦੀ ਸਜ਼ਾ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਕੈਂਬਰਿਜ ਸ਼ਹਿਰ ਵਿੱਚ ਚਰਚ ਵਿੱਚ ਸੇਵਾ ਕਰਦੇ ਇਕ ਵਲੰਟੀਅਰ ਵੱਲੋਂ ਨਾਬਾਲਿਗ ਕੁੜੀ ਨੂੰ ਭਰਮਾਕੇ ਜਿਨਸੀ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਦੇ ਗੰਭੀਰ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਨੂੰ ਤਿੰਨ ਸਾਲ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਕੈਂਬਰਿਜਸ਼ਾਇਰ ਪੁਲਿਸ ਮੁਤਾਬਕ 28 ਸਾਲਾ ਨਾਮ ਵੂ, ਜੋ ਸੇਂਟ ਨਿਓਟਸ ਦੇ ਈਟਨ ਫੋਰਡ ਇਲਾਕੇ ਦੇ ਲਿੰਕਲੇਅਰ ਪਲੇਸ ਦਾ ਰਹਿਣ ਵਾਲਾ ਹੈ, ਚਰਚ ਵਿੱਚ ਵਲੰਟੀਅਰ ਸੇਵਾ ਦੌਰਾਨ ਨਾਬਾਲਿਗ ਲੜਕੀ ਨਾਲ ਮਿਲਿਆ ਅਤੇ ਉਸ ਨਾਲ ਦੋਸਤੀ ਬਣਾਉਂਦੇ ਹੋਏ ਧੀਰੇ-ਧੀਰੇ ਉਸਨੂੰ ਗਰੂਮ ਕਰਨਾ ਸ਼ੁਰੂ ਕਰ ਦਿੱਤਾ।

ਅਦਾਲਤ ਨੂੰ ਦੱਸਿਆ ਗਿਆ ਕਿ ਦੋਸ਼ੀ ਨੇ ਲੜਕੀ ਦੀ ਤਾਰੀਫ਼ ਕਰਨੀ, ਉਸਨੂੰ ਕੱਪੜੇ ਖਰੀਦ ਕੇ ਦੇਣ ਦੀ ਪੇਸ਼ਕਸ਼ ਕਰਨੀ ਅਤੇ ਭਾਵਨਾਤਮਕ ਤੌਰ 'ਤੇ ਆਪਣੇ ਨਾਲ ਜੋੜਨ ਦੇ ਜ਼ਰੀਏ ਉਸਦਾ ਭਰੋਸਾ ਜਿੱਤਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਸਾਲ 2024 ਦੌਰਾਨ ਉਸਨੇ ਲੜਕੀ ਨੂੰ 8,000 ਤੋਂ ਵੱਧ ਜਿਨਸੀ ਸੁਭਾਵ ਵਾਲੇ ਸੁਨੇਹੇ ਭੇਜੇ। ਮਾਪਿਆਂ ਨੂੰ ਦੋਹਾਂ ਵਿਚਕਾਰ ਵਧ ਰਹੀ ਨੇੜਤਾ 'ਤੇ ਸ਼ੱਕ ਹੋਣ 'ਤੇ ਉਨ੍ਹਾਂ ਨੇ ਬੱਚੀ ਦੇ ਫੋਨ ਦੀ ਜਾਂਚ ਕੀਤੀ, ਜਿਸ ਤੋਂ



ਬਾਅਦ ਮਾਮਲਾ ਪੁਲਿਸ ਤੱਕ ਪਹੁੰਚਿਆ।

ਪੁਲਿਸ ਨੂੰ ਜਾਂਚ ਦੌਰਾਨ ਹੋਰ ਸਬੂਤ ਵੀ ਮਿਲੇ, ਜਿਨ੍ਹਾਂ ਵਿੱਚ ਇਕ ਕਿਤਾਬ ਵਿੱਚ ਮਿਲਿਆ ਹੱਥ ਨਾਲ ਲਿਖਿਆ ਨੋਟ ਵੀ ਸ਼ਾਮਲ ਸੀ ਜਿਸ ਵਿੱਚ ਦੋਹਾਂ ਵਿਚਕਾਰ ਹੋਈਆਂ ਜਿਨਸੀ ਗਤੀਵਿਧੀਆਂ ਦਾ ਜ਼ਿਕਰ ਸੀ। ਪੀੜਤ ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਦੋਸ਼ੀ ਉਸਨੂੰ ਜਿਨਸੀ ਗੱਲਾਂ ਕਰਦਾ, ਅਣਉਚਿਤ ਛੇੜਛਾੜ ਕਰਦਾ ਅਤੇ ਉਸਨੂੰ ਚੁੱਪ ਰਹਿਣ ਲਈ ਮਨੋਵਿਗਿਆਨਕ ਦਬਾਅ ਦਿੰਦਾ ਸੀ। ਉਹ ਉਸਨੂੰ ਕਹਿੰਦਾ ਸੀ ਕਿ ਜੇ ਸੱਚ ਸਾਹਮਣੇ ਆਇਆ ਤਾਂ ਉਸਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ ਅਤੇ ਉਹ ਜੇਲ੍ਹ ਚਲਾ ਜਾਵੇਗਾ, ਜਿਸ ਰਾਹੀਂ ਉਹ ਬੱਚੀ ਨੂੰ ਦੋਸ਼ੀ ਮਹਿਸੂਸ ਕਰਵਾਉਂਦਾ ਰਿਹਾ।ਸ਼ੁਰੂ ਵਿੱਚ ਦੋਸ਼ਾਂ ਤੋਂ ਇਨਕਾਰ ਕਰਨ ਵਾਲੇ ਨਾਮ ਵੂ ਨੇ ਆਖ਼ਰਕਾਰ ਕੈਂਬਰਿਜ ਕ੍ਰਾਊਨ ਕੋਰਟ ਵਿੱਚ ਛੇ ਗੰਭੀਰ ਦੋਸ਼ਾਂ ਨੂੰ ਕਬੂਲ ਕਰ ਲਿਆ, ਜਿਨ੍ਹਾਂ ਵਿੱਚ ਨਾਬ-ਾਲਿਗ ਨਾਲ ਜਿਨਸੀ ਸੰਚਾਰ, ਜਿਨਸੀ ਗਤੀਵਿਧੀ ਲਈ ਉਕਸਾਉਣਾ ਅਤੇ ਭਰੋਸੇ ਦੀ ਸਥਿਤੀ ਦਾ ਗਲਤ ਫਾਇਦਾ ਚੁੱਕਣਾ ਸ਼ਾਮਲ ਸੀ। ਬਾਅਦ ਵਿੱਚ ਪੀਟਰਬਰੋ ਕ੍ਰਾਊਨ ਕੋਰਟ ਨੇ 19 ਫ਼ਰਵਰੀ ਨੂੰ ਉਸਨੂੰ ਤਿੰਨ ਸਾਲ ਚਾਰ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ।

ਕੈਂਬਰਿਜਸ਼ਾਇਰ ਪੁਲਿਸ ਦੀ ਚਾਈਲਡ ਅਬਿਊਜ਼ ਇਨਵੈਸਟੀਗੇਸ਼ਨ ਅਤੇ ਸੇਫਗਾਰਡਿੰਗ ਯੂਨਿਟ ਦੀ ਡਿਟੈਕਟਿਵ ਕਾਂਸਟੇਬਲ ਲਾਰਾ ਵਾਈਚਰਲੀ ਨੇ ਕਿਹਾ ਕਿ ਦੋਸ਼ੀ ਨੇ ਬੱਚੀ ਦੀ ਉਮਰ ਅਤੇ ਆਪਣੇ ਭਰੋਸੇਮੰਦ ਦਰਜੇ ਨੂੰ ਜਾਣਦੇ ਹੋਏ ਉਸਦਾ ਸ਼ੋਸ਼ਣ ਕੀਤਾ ਜੋ ਬਹੁਤ ਹੀ ਘਿਨੌਣਾ ਅਪਰਾਧ ਹੈ। ਉਨ੍ਹਾਂ ਨੇ ਮਾਪਿਆਂ ਦੀ ਸਾਵਧਾਨੀ ਦੀ ਸਰਾਹਨਾ ਕਰਦਿਆਂ ਹੋਰ ਮਾਪਿਆਂ ਨੂੰ ਵੀ ਬੱਚਿਆਂ ਨਾਲ ਆਨਲਾਈਨ ਸੰਪਰਕ ਬਾਰੇ ਖੁੱਲ੍ਹੀ ਗੱਲਬਾਤ ਕਰਨ ਦੀ ਅਪੀਲ ਕੀਤੀ।

ਪੀੜਤ ਵੱਲੋਂ ਅਦਾਲਤ ਵਿੱਚ ਦਿੱਤੇ ਪ੍ਰਭਾਵ ਬਿਆਨ ਵਿੱਚ ਕਿਹਾ ਗਿਆ ਕਿ ਲੰਬੇ ਸਮੇਂ ਤੱਕ ਚੱਲੇ ਸ਼ੋਸ਼ਣ ਕਾਰਨ ਉਹ ਖਤਰੇ ਨੂੰ ਸਮਝ ਨਹੀਂ ਸਕੀ ਅਤੇ ਇਸ ਘਟਨਾ ਨੇ ਉਸਦਾ ਭਰੋਸਾ ਤੋੜ ਦਿੱਤਾ, ਬਚਪਨ ਦੀ ਮਾਸੂਮਿਯਤ ਖੋਹ ਲਈ ਅਤੇ ਉਸਦੀ ਜ਼ਿੰਦਗੀ 'ਤੇ ਡੂੰਘਾ ਮਨੋਵਿਗਿਆਨਕ ਅਸਰ ਛੱਡਿਆ ਹੈ। ਪੁਲਿਸ ਨੇ ਦੁਬਾਰਾ ਜ਼ੋਰ ਦੇ ਕੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਤੁਰੰਤ ਸੂਚਨਾ ਦੇਣਾ ਬਹੁਤ ਜ਼ਰੂਰੀ ਹੈ।

# ਰਾਜ ਗੱਦੀ ਦਾ ਲਾਲਚ



ਕਿਸੇ ਨੂੰ ਲਾਲਚ ਦੇ ਕੇ
ਕਿਸੇ ਨੂੰ ਕੁੱਟਾਂਗੇ ।
ਕਿਸੇ ਨੂੰ ਨੌਕਰੀਆਂ ਦੀ
ਬੁਰਕੀ ਸੁੱਟਾਂਗੇ ।
ਰਾਜ ਕਰਨ ਦੀ ਆਦਤ
ਪੈ ਗਈ ਜਿੰਨਾਂ ਨੂੰ ;
ਕਹਿੰਦੇ ਹਰ ਹੀਲੇ ਨਾਲ਼
ਵੋਟਾਂ ਲੁੱਟਾਂਗੇ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
9914836037

# ਸਾਡੀ ਕਲਾਸ 'ਚ ਆਇਆ ਕਬੂਤਰ



ਸਾਡੀ ਕਲਾਸ ਵਿੱਚ ਆਇਆ ਕਬੂਤਰ
ਬੈਠ ਗਿਆ ਉਹ ਖਿੜਕੀ ਦੇ ਉੱਤੇ
ਕਲਾਸ ਸਾਡੀ ਵਿੱਚ ਉਹ ਹਰ ਰੋਜ਼ ਆਵੇ
ਸਕਿਆਂ ਵਾਂਗੂ ਸਾਨੂੰ ਪਛਾਣੇ
ਇੱਕ ਖਿੜਕੀ ਤੋਂ ਦੂਜੀ ਤੇ ਜਾਵੇ
ਦੂਜੀ ਤੋਂ ਪਹਿਲੀ ਤੇ ਆਵੇ
ਐਵੇਂ ਲੱਗਿਆ............
ਜਿਵੇਂ ਉਹ ਸਾਨੂੰ ਦੇਖ ਰਿਹਾ ਸੀ
ਨਾਲ਼ ਸਾਡੇ ਉਹ ਖੇਡ ਰਿਹਾ ਸੀ
ਥੋੜੀ ਦੇਰ ਤਾਂ ਖੇਡਿਆ ਕਬੂਤਰ
ਫਿਰ ਮਾਰ ਉਡਾਰੀ ਉੱਡ ਗਿਆ ਕਬੂਤਰ

**ਈ ਟੀ ਟੀ ਅਧਿਆਪਕਾ**
**ਰਜਨੀ ਦੇਵੀ ਤੇ (ਸਮੂਹ ਦੂਜੀ ਕਲਾਸ)**
**ਸ.ਪ੍ਰ.ਸ ਢੰਡੋਲੀ ਕਲਾਂ**

# ਰਾਹੋਂ ਸ਼ਹਿਰ ਦੀ ਫ਼ੇਰੀ

ਅੱਖੀਆਂ ਤਰਸੀਆਂ ਨੇ ਦੀਦ ਨੂੰ ਤੇਰੀ,
ਲੱਭ ਕੇ ਬਹਾਨਾ ਜਲਦੀ ਮਿਲ ਲੈ ਸੱਜਣਾ,
ਬਣ ਨਾ ਜਾਵਾਂ ਮੈਂ ਸੱਜਣਾ ਰਾਖ ਦੀ ਢੇਰੀ,

ਤੇਰਾ ਫਿਕਰ ਦਸ ਭਲਾ ਮੈਂ ਕਿਉਂ ਨਾ ਕਰਾਂ,
ਇੱਕੋ ਜਿੰਦ ਜਾਨ ਹੈ ਸੱਜਣਾ ਤੇਰੀ ਤੇ ਮੇਰੀ,

ਤੱਕ ਕੇ ਤੇਰਾ ਰੱਬ ਵਰਗਾ ਚਿਹਰਾ ਸੱਜਣਾ,
ਹੋ ਜਾਵੇ ਕਿੱਧਰੇ ਮੇਰੀ ਵੀ ਉਮਰ ਲੰਮੇਰੀ,

ਨਸ਼ਾ ਨਾ ਉਤਰੇ ਦਿਲ ਦਿਮਾਗ ਤੋਂ ਮੇਰੇ,
ਦੱਸ ਜਾ ਮੈਨੂੰ ਅੱਖਾਂ ਚੋਂ ਪਿਲਾਈ ਕਿਹੜੀ,

ਇੱਕੋ ਰਾਹ ਦੇ ਰਾਹੀ ਹਾਂ ਅਸੀ ਦੋਨੋਂ ਸੱਜਣਾ,
ਤੂੰ ਹੀ ਆ ਮਲਾਹ ਜਿੰਦਗੀ ਦਾ ਇੱਕੋ ਬੇੜੀ,

ਤਾਂਘ ਜਿਹੀ ਰਹਿੰਦੀ ਹੈ ਸੱਜਣਾ ਦਿਲ ਨੂੰ,
ਕਦੇ ਤਾਂ ਪਾ ਜਾ ਪਿੰਦੂ ਰਾਹੋਂ ਸ਼ਹਿਰ ਤੂੰ ਫੇਰੀ,

ਅੱਖੀਆਂ ਤਰਸੀਆਂ ਨੇ ਦੀਦ ਨੂੰ ਤੇਰੀ,
ਲੱਭ ਕੇ ਬਹਾਨਾ ਜਲਦੀ ਮਿਲ ਲੈ ਸੱਜਣਾ,
ਬਣ ਨਾ ਜਾਵਾਂ ਮੈਂ ਸੱਜਣਾ ਰਾੱਖ ਦੀ ਢੇਰੀ,



**ਪਿੰਦੂ ਰਾਹੋਂ (ਨਵਾਂ ਸ਼ਹਿਰ)**
**+917710556211**

# ਬਾਪੂ ਦਾ ਗੀਤ


ਜਿੰਦਰਾ ਸੀ ਮੇਰੇ ਘਰ ਦਾ ਬਾਪੂ
ਤੇਰੇ ਬਿਨ ਨਹੀਓ ਸਰਦਾ ਬਾਪੂ
ਸਾਹ ਪੈਂਦੇ ਤੇਰੇ ਘਰ ਆਇਆ ਤੋਂ
ਪੈਣ ਭੁਲੱਖੇ ਬਾਪੂ ਤੇਰੇ
ਪਿੰਡ ਦੇ ਚਾਚੇ ਤਾਇਆ ਤੋਂ

ਸੁਪਨੇ ਵਿੱਚ ਤੂੰ ਆਇਆ ਬਾਪੂ
ਚਾਅ ਨਾ ਚੱਕਿਆ ਜਾਵੇ ਮੈਥੋਂ
ਘੁੱਟ ਕੇ ਜਦ ਤੂੰ ਸੀਨੇ ਲਾਇਆ
ਅੱਖਾਂ ਮੀਚ ਮੀਚ ਕੇ ਦੇਖਾ
ਸੁਪਨੇ ਦੇ ਪਰਛਾਇਆ ਤੋਂ
ਪੈਣ ਭੁਲੱਖੇ ਬਾਪੂ ਤੇਰੇ
ਪਿੰਡ ਦੇ ਚਾਚੇ ਤਾਇਆ ਤੋਂ

ਲੋਕ ਤੇਰੀਆਂ ਕਰਦੇ ਗੱਲਾਂ
ਸਾਨੂੰ ਅੰਬਰਾਂ ਤੱਕ ਪਹੁੰਚਾਇਆ
ਤੇਰਾ ਕੁੜਤਾ ਕਿੱਲੀ ਟੰਗਿਆ
ਉਸਦੇ ਗੀਝੇ ਹੱਥ ਮੈਂ ਪਾਇਆ
ਮਿਲਿਆ ਬਹੁਤ ਸਹਾਰਾ ਪੈਸੇ ਪਾਇਆਂ ਤੋਂ
ਪੈਣ ਭੁਲੱਖੇ ਬਾਪੂ ਤੇਰੇ
ਪਿੰਡ ਦੇ ਚਾਚੇ ਤਾਇਆ ਤੋਂ
ਪੈਣ ਭੁਲੱਖੇ ਬਾਪੂ ਤੇਰੇ
ਪਿੰਡ ਦੇ ਚਾਚੇ ਤਾਇਆ ਤੋਂ



**ਸੁਖਵਿੰਦਰ ਸਿੰਘ ਮੁਲਤਾਨੀ,ਬਠਿੰਡਾ**
**ਮੋਬਾ: 9876275727**



# ਪਿੰਡ ਦੱਧਾਹੂਰ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਨੇ ਵੱਡੀ ਇਕਾਈ ਦਾ ਕੀਤਾ ਗਠਨ

## ਸਾਬਕਾ ਸਰਪੰਚ ਖਿਲਾਫ ਦਰਜ ਕੀਤੇ ਝੂਠੇ ਮੁਕੱਦਮੇ ਦੀ ਕੀਤੀ ਨਿਖੇਧੀ

**ਰਾਏਕੋਟ, ( ਗੁਰਭਿੰਦਰ ਗੁਰੀ )** ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜਗਿੱਲ) ਵੱਲੋਂ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਤੇ ਬਲਾਕ ਰਾਏਕੋਟ ਪ੍ਰਧਾਨ ਰਣਧੀਰ ਸਿੰਘ ਬੱਸੀਆ ਦੀ ਅਗਵਾਈ ਹੇਠ ਕਿਸਾਨਾਂ ਮਜ਼ਦੂਰਾਂ ਅਤੇ ਮਰਦਾਂ ਔਰਤਾਂ ਦੀ ਵੱਡੀ ਇਕੱਤਰਤਾ ਗੁਰਦੁਆਰਾ ਸਾਹਿਬ ਕੋਲ ਪਾਰਕ ਵਿੱਚ ਕੀਤੀ ਗਈ। ਇਸ ਦੌਰਾਨ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਦੱਧਾਹੂਰ ਨੇ ਦੱਸਿਆ ਕਿ ਪਿੰਡ ਦੇ ਕੁਝ ਕੁ ਬੰਦਿਆਂ ਵੱਲੋਂ ਧੱਕੇਸ਼ਾਹੀ ਕਰਦਿਆ 10-10 ਫੁੱਟ ਡੂੰਘੀ ਮਾਇਨਿੰਗ ਕਰਦਿਆ ਮਿੱਟੀ ਮਹਿੰਗੇ ਭਾਅ ਵਿਚ ਵੇਚੀ ਜਾ ਰਹੀਂ ਹੈ ਅਤੇ ਨਾਲ ਲੱਗਦੇ ਖੇਤਾਂ ਨੂੰ ਬਰਬਾਦ ਕੀਤਾ ਜਾ ਰਿਹਾ ਹੈ ਅਤੇ ਜਦੋਂ ਸਾਬਕਾ ਸਰਪੰਚ ਨੇ ਵਿਰੋਧ ਕੀਤਾ ਤਾਂ ਦੂਸਰੀ ਧਿਰ ਵੱਲੋਂ ਉਨ੍ਹਾ ਨਾਲ ਮਾਇਨਿੰਗ ਅਧਿਕਾਰੀਆ ਦੀ ਹਾਜ਼ਰੀ ਵਿੱਚ ਮਾਰਕੁੱਟ ਕੀਤੀ ਗਈ ਜਦਕਿ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਵੀਂ ਹਮਲਾਵਰ ਧਿਰ ਵੱਲੋਂ ਸਾਬਕਾ ਸਰਪੰਚ ਤੇ ਝੂਠਾ ਮੁਕੱਦਮਾ ਦਰਜ ਕੀਤਾ ਗਿਆ। ਜਿਸ ਦਾ ਸਖ਼ਤ ਨੋਟਿਸ ਲੈਂਦਿਆ ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਕਮਾਲਪੁਰਾ ਨੇ ਕਿਹਾ ਕਿ ਜੇਕਰ ਇਸ ਝੂਠੇ ਮੁਕੱਦਮੇਂ ਨੂੰ



ਖਾਰਿਜ ਨਾ ਕੀਤਾ ਤਾਂ ਉਹ 23 ਫ਼ਰਵਰੀ ਨੂੰ ਐਸ ਐਸ ਪੀ ਜਗਰਾਉ ਦੇ ਧਿਆਨ ਵਿੱਚ ਲਿਆਉਣ ਉਪਰੰਤ ਜੇਕਰ ਪ੍ਰਸ਼ਾਸਨ ਨੇ ਟਾਲ ਮਟੋਲ ਕੀਤਾ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾਂ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਚੱਕ ਭਾਈ ਕਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਮਾਲਪੁਰਾ ਨੇ ਦੱਸਿਆ ਕਿ ਬਿਜਲੀ ਸੋਧ ਬਿੱਲ ਦੇ ਨਾਲ ਨਾਲ ਲਗਭਗ ਬੀਜ ਸੋਧ ਬਿੱਲ ਵੀਂ ਲਾਗੂ ਹੋ ਗਿਆ ਕਿਉਂਕਿ ਖੇਤੀਬਾੜੀ ਵਿਭਾਗ ਦੇ ਕੁਝ ਭ੍ਰਿਸ਼ਟ ਅਧਿਕਾਰੀਆਂ ਵੱਲੋਂ ਸਮੁੱਚੇ ਲੁਧਿਆਣੇ ਜ਼ਿਲ੍ਹੇ ਅੰਦਰ ਇਕ ਹੀਂ ਕੰਪਨੀ ਦਾ ਮੱਕੀ ਦਾ ਬੀਜ ਵੇਚਿਆ ਜਾ ਰਿਹਾ ਹੈ , ਜਿਸ ਦਾ ਪ੍ਰਿੰਟ ਰੇਟ 4500 ਰੁਪਏ ਚਾਰ ਕਿਲੋਂ ਪੈਕੇਟ ਹੈ ਅਤੇ ਲਗਭਗ 3000 ਰੁਪਏ ਦਾ ਵਿਕ ਰਿਹਾ ਹੈਂ ਜੋ ਕਿ ਸ਼ਰਾਸ਼ਰ ਲੁੱਟ ਹੈਂ। ਇਸ ਸੰਬੰਧੀ ਜਦੋਂ ਉਨ੍ਹਾਂ ਖੇਤੀਬਾੜੀ ਵਿਭਾਗ ਨਾਲ ਸੰਪਰਕ ਕੀਤਾ ਤਾਂ ਉਹਨਾਂ ਬੇਵਸੀ ਜ਼ਾਹਿਰ ਕਰਦਿਆ ਦੱਸਿਆ ਕਿ ਇਹ ਕਾਰਪੋਰੇਟ ਘਰਾਣਿਆ ਦਾ ਬੀਜ ਹੈ, ਜਿਸ ਦਾ ਪ੍ਰਿੰਟ ਰੇਟ ਬਹੁਤ ਜ਼ਿਆਦਾ ਹੈ ਅਤੇ ਜੇਕਰ ਕੋਈ ਦੁਕਾਨਦਾਰ ਪ੍ਰਿੰਟ ਰੇਟ ਤੋਂ ਵੱਧ ਰੇਟ ਤੇ ਵੇਚਦਾ ਹੈਂ ਤਾਂ ਵਿਭਾਗ ਕਰਵਾਈ ਕਰ ਸਕਦਾ ਹੈਂ। ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਇਸ ਬੀਜ ਸੋਧ ਬਿੱਲ ਸੰਬੰਧੀ ਲਾਮਬੰਦ ਕਰਕੇ ਸੰਘਰਸ਼ ਵਿੱਢਣ ਦੀ ਤਿਆਰੀ ਕਰ ਰਹੇ ਹਨ । ਇਸ ਦੌਰਾਨ ਦੱਧਾਹੂਰ ਨਿਵਾਸੀਆ ਵੱਲੋਂ ਸਰਬਸੰਮਤੀ ਨਾਲ ਇਕਾਈ ਦੀ ਚੋਣ ਕਰਦਿਆ ਸੁਖਵਿੰਦਰ ਸਿੰਘ ਪ੍ਰਧਾਨ, ਇਕਬਾਲ ਸਿੰਘ ਸਕੱਤਰ, ਸਤਵਿੰਦਰ ਸਿੰਘ ਸਹਾਇਕ ਸਕੱਤਰ, ਹਰਵਿੰਦਰ ਸਿੰਘ ਖਜ਼ਾਨਚੀ, ਕਮੇਟੀ ਮੈਂਬਰ ਬਲਰਾਜ ਸਿੰਘ, ਅਮਰਜੀਤ ਸਿੰਘ, ਸਾਧੂ ਸਿੰਘ, ਦਰਸ਼ਨ ਸਿੰਘ, ਨਿਰਮਲ ਸਿੰਘ, ਬਲਵਿੰਦਰ ਸਿੰਘ, ਬਲਵੀਰ ਸਿੰਘ, ਅਮਨਦੀਪ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ, ਹਰਦੇਵ ਸਿੰਘ ਆਦਿ ਚੁਣੇ ਗਏ। ਇਸ ਦੌਰਾਨ ਜ਼ਿਲ੍ਹਾ ਵਿੱਤ ਸਕੱਤਰ ਸਤਿਬੀਰ ਸਿੰਘ ਬੋਪਾਰਾਏ ਖੁਰਦ, ਜ਼ਿਲ੍ਹਾ ਮੀਤ ਪ੍ਰਧਾਨ ਬਲਜਿੰਦਰ ਸਿੰਘ ਕਮਾਲਪੁਰਾ, ਬਲਾਕ ਪ੍ਰਧਾਨ ਮਹਿਲ ਕਲਾਂ ਮਾ. ਅਮਰਜੀਤ ਸਿੰਘ ਮਹਿਲ ਖੁਰਦ, ਸਕੱਤਰ ਜਸਵੰਤ ਸਿੰਘ ਸੋਹੀ ਛਾਪਾ, ਸਿੰਕਦਰ ਸਿੰਘ ਰਾਏਸਰ, ਕਰਮਜੀਤ ਸਿੰਘ ਭੋਲਾ, ਮਾ. ਭੁਪਿੰਦਰ ਸਿੰਘ ਬੋਪਾਰਾਏ ਖੁਰਦ, ਦਰਸ਼ਨ ਸਿੰਘ ਜਲਾਲਦੀਵਾਲ, ਕੇਵਲ ਸਿੰਘ ਬੋਪਾਰਾਏ ਖੁਰਦ, ਬਲਦੇਵ ਸਿੰਘ ਆਦਿ ਆਗੂ ਹਾਜ਼ਰ ਸਨ।

# ਸਮਾਜ ਸੇਵੀ ਅਤੇ ਸਾਬਕਾ ਪੁਲਿਸ ਇੰਸਪੈਕਟਰ ਪੁਸ਼ਪਿੰਦਰ ਕੁਮਾਰ ਸ਼ਰਮਾ ਜੀ ਵਿਛੜ ਗਏ, ਇਲਾਕੇ ਵਿੱਚ ਸੋਗ ਦੀ ਲਹਿਰ

**ਬਠਿੰਡਾ (ਦੀਪਿਕਾ ਸ਼ਰਮਾ)** ਪੰਜਾਬ ਪੁਲਿਸ ਵਿੱਚੋਂ ਬਤੌਰ ਇੰਸਪੈਕਟਰ ਆਪਣੀਆਂ ਉਣਤਾਲੀ ਸਾਲ ਦੀਆਂ ਸ਼ਾਨਦਾਰ ਅਤੇ ਇਮਾਨਦਾਰ ਸੇਵਾਵਾਂ ਨਿਭਾ ਕੇ ਸੇਵਾਮੁਕਤ ਹੋਏ, ਪਿੰਡ ਭੁੱਚੋ ਖੁਰਦ ਦੇ ਮਾਣਮੱਤੇ ਨਿਵਾਸੀ ਅਤੇ ਉੱਘੀ ਸਖਸ਼ੀਅਤ ਮਾਸਟਰ ਹਰਬੰਸ ਲਾਲ ਜੀ ਦੇ ਸਪੁੱਤਰ ਪੁਸ਼ਪਿੰਦਰ ਕੁਮਾਰ ਸ਼ਰਮਾ ਜੀ ਬੀਤੇ ਦਿਨੀਂ ਅਚਾਨਕ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਇਸ ਅਚਾਨਕ ਅਤੇ ਦੁਖਦਾਈ ਵਿਛੋੜੇ ਨੇ ਨਾ ਕੇਵਲ ਉਨ੍ਹਾਂ ਦੇ ਪਰਿਵਾਰ ਨੂੰ, ਸਗੋਂ ਪੂਰੇ ਇਲ-ਾਕੇ ਨੂੰ ਡੂੰਘੇ ਸਦਮੇ ਵਿੱਚ ਪਾ ਦਿੱਤਾ ਹੈ। ਉਨ੍ਹਾਂ ਦੇ ਸਪੁੱਤਰ ਬਿਕਰਮਜੀਤ ਸ਼ਰਮਾ ਅਤੇ ਬੇਟੀ ਇੰਦਰਜੀਤ ਸ਼ਰਮਾ ਅਤੇ ਸਮੂਹ ਸ਼ਰਮਾ ਪਰਿਵਾਰ ਲਈ ਇਹ ਘਾਟਾ ਅਸਹਿ ਅਤੇ ਅਕਹਿ ਹੈ।

ਸਵਰਗੀ ਪੁਸ਼ਪਿੰਦਰ ਕੁਮਾਰ ਸ਼ਰਮਾ ਜੀ ਇੱਕ ਅਜਿਹੀ ਬਹੁਪੱਖੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਸੁਭਾਅ ਬੇਹੱਦ ਦਰਿਆਦਿਲ ਅਤੇ ਮਿਲਾਪੜਾ ਸੀ। ਉਹ ਹਰ ਛੋਟੇ-ਵੱਡੇ ਨੂੰ ਇੰਨੇ ਨਿੱਘ ਅਤੇ ਸਤਿਕਾਰ ਨਾਲ ਮਿਲਦੇ ਸਨ ਕਿ ਮਿਲਣ ਵਾਲਾ ਵਿਅਕਤੀ ਉਨ੍ਹਾਂ ਦੇ ਪ੍ਰਭਾਵ ਹੇਠ ਆ ਜਾਂਦਾ ਸੀ। ਉਨ੍ਹਾਂ ਦਾ ਜੀਵਨ ਸਾਦਗੀ ਅਤੇ ਉੱਚੇ ਵਿਚਾਰਾਂ ਦਾ ਪ੍ਰਤੀਕ ਸੀ। ਪੁਲਿਸ ਵਰਗੀ ਸਖ਼ਤ ਡਿਊਟੀ ਨਿਭਾਉਂਦੇ ਹੋਏ ਵੀ ਉਨ੍ਹਾਂ ਨੇ ਆਪਣੀ ਇਨਸਾਨੀਅਤ ਅਤੇ ਦਿਆਲਤਾ ਨੂੰ ਕਦੇ ਮੱਧਮ



ਨਹੀਂ ਪੈਣ ਦਿੱਤਾ।

ਉਹ ਸਿਰਫ਼ ਇੱਕ ਅਨੁਸ਼ਾਸਿਤ ਪੁਲਿਸ ਅਧਿਕਾਰੀ ਹੀ ਨਹੀਂ, ਸਗੋਂ ਸਮਾਜ ਦੇ ਇੱਕ ਸੱਚੇ ਰਾਖੇ ਅਤੇ ਮਹਾਨ ਸਮਾਜ ਸੇਵੀ ਸਨ। ਉਨ੍ਹਾਂ ਦੇ ਸਮਾਜ ਸੇਵੀ ਕਾਰਜਾਂ ਦਾ ਦਾਇਰਾ ਬਹੁਤ ਵਿਸ਼ਾਲ ਸੀ, ਪਰ ਉਨ੍ਹਾਂ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਉਹ ਹਮੇਸ਼ਾ 'ਨੇਕੀ ਕਰ ਤੇ ਦਰਿਆ ਵਿੱਚ ਪਾ' ਦੇ ਸਿਧਾਂਤ 'ਤੇ ਅਮਲ ਕਰਦੇ ਸਨ। ਚਾਹੇ ਕਿਸੇ ਲੋੜਵੰਦ ਪਰਿਵਾਰ ਦਾ ਸਿਰ ਲੁਕਾਉਣ ਲਈ ਮਕਾਨ ਬਣਾਉਣਾ ਹੋਵੇ, ਗਰੀਬ ਬੱਚੀਆਂ ਦੀ ਵਿੱਦਿਆ ਲਈ ਸਕੂਲ ਫੀਸ ਭਰਨੀ ਹੋਵੇ, ਜਾਂ ਕਿਸੇ ਮਰੀਜ਼ ਦੇ ਇਲਾਜ ਲਈ ਗੁਪਤ ਰੂਪ ਵਿੱਚ ਆਰਥਿਕ ਮਦਦ ਪਹੁੰਚਾਉਣੀ ਹੋਵੇ,ਉਹ ਹਮੇਸ਼ਾ ਪਰਦੇ ਦੇ ਪਿੱਛੇ ਰਹਿ ਕੇ ਮਦਦ ਕਰਨਾ ਪਸੰਦ ਕਰਦੇ ਸਨ। ਉਨ੍ਹਾਂ ਵੱਲੋਂ ਕੀਤੇ ਗਏ ਅਣਗਿਣਤ ਪਰਉਪਕਾਰੀ ਕੰਮਾਂ ਦੀ ਭਿਣਕ ਵੀ ਕਦੇ ਕਿਸੇ ਨੂੰ ਨਹੀਂ ਪੈਣ ਦਿੱਤੀ ਗਈ, ਜੋ ਉਨ੍ਹਾਂ ਦੀ ਨਿਮਰਤਾ ਅਤੇ ਬੇਗਰਜ਼ ਸੇਵਾ ਭਾਵਨਾ ਨੂੰ ਦਰਸਾਉਂਦੀ ਹੈ।

ਅੱਜ ਉਨ੍ਹਾਂ ਦੇ ਵਿਛੋੜੇ ਨਾਲ ਸਮਾਜ ਨੇ ਇੱਕ ਅਜਿਹਾ ਮਾਰਗਦਰਸ਼ਕ ਅਤੇ ਅਗਵਾਈ ਕਰਨ ਵਾਲਾ ਵਿਅਕਤੀ ਗੁਆ ਲਿਆ ਹੈ, ਜਿਸ ਦੀ ਕਮੀ ਹਮੇਸ਼ਾ ਰੜਕਦੀ ਰਹੇਗੀ। ਉਨ੍ਹਾਂ ਦੇ ਪਿੰਡ ਭੁੱਚੋ ਖੁਰਦ ਵਿਖੇ ਉਹਨਾਂ ਦੇ ਅੰਤਿਮ ਸੰਸਕਾਰ ਸਮੇਂ ਸ਼ਾਮਲ ਹੋਈ ਲੋਕਾਂ ਦੀ ਭਾਰੀ ਭੀੜ ਅਤੇ ਹਰ ਇੱਕ ਦੀ ਨਮ ਅੱਖ ਇਸ ਗੱਲ ਦਾ ਸਬੂਤ ਸੀ ਕਿ ਉਨ੍ਹਾਂ ਨੇ ਲੋਕਾਂ ਦੇ ਦਿਲਾਂ ਵਿੱਚ ਕਿੰਨੀ ਡੂੰਘੀ ਜਗ੍ਹਾ ਬਣਾਈ ਸੀ। ਪੂਰਾ ਨਗਰ ਇਸ ਦੁੱਖ ਦੀ ਘੜੀ ਵਿੱਚ ਸ਼ਰਮਾ ਪਰਿਵਾਰ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

ਸਵਰਗੀ ਪੁਸ਼ਪਿੰਦਰ ਕੁਮਾਰ ਸ਼ਰਮਾ ਜੀ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਮਿਤੀ 3 ਮਾਰਚ 2026, ਦਿਨ ਮੰਗਲਵਾਰ ਨੂੰ ਗੁਰਦੁਆਰਾ ਪਿੱਪਲਸਰ ਸਾਹਿਬ, ਭੁੱਚੋ ਖੁਰਦ ਵਿਖੇ ਦੁਪਹਿਰ ਇੱਕ ਵਜੇ ਹੋਵੇਗੀ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਇਸ ਭਾਣਾ ਮੰਨਣ ਦਾ ਬਲ ਅਤੇ ਸਹਿਣਸ਼ੀਲਤਾ ਪ੍ਰਦਾਨ ਕਰਨ।

# ਟਰੰਪ ਵੱਲੋਂ ਗਲੋਬਲ 10 ਫੀਸਦੀ ਟੈਰਿਫ਼ ਦੇ ਐਲਾਨ ਕਰਕੇ ਬ੍ਰਿਟਿਸ਼ ਕਾਰੋਬਾਰਾਈਆ ਵਿੱਚ ਚਿੰਤਾ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਅਮਰੀਕੀ ਰਾਸ਼ਟਰਪਤੀ ਡੋਨ-ਾਲਡ ਟਰੰਪ ਵੱਲੋਂ ਵਿਸ਼ਵ ਭਰ ਦੇ ਆਯਾਤ ਸਮਾਨ ‘ਤੇ 10 ਫੀਸਦੀ ਗਲੋਬਲ ਟੈਰਿਫ਼ ਲਾਗੂ ਕਰਨ ਦੇ ਐਲਾਨ ਤੋਂ ਬਾਅਦ ਬ੍ਰਿਟੇਨ ਸਮੇਤ ਕਈ ਦੇਸ਼ਾਂ ਦੇ ਕਾਰੋਬਾਰੀ ਵਰਗ ਵਿੱਚ ਅਣਸ਼ਚਿਤਤਾ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ। ਇਹ ਐਲਾਨ ਉਸ ਵੇਲੇ ਕੀਤਾ ਗਿਆ ਜਦੋਂ ਅਮਰੀਕੀ ਸੁਪਰੀਮ ਕੋਰਟ ਨੇ ਐਮਰਜੈਂਸੀ ਅਧਿਕਾਰਾਂ ਅਧੀਨ ਲਗਾਏ ਗਏ ਟਰੰਪ ਦੇ ਪਹਿਲਾਂ ਦੇ ਵਿਆਪਕ ਟੈਰਿਫ਼ ਫ਼ੈਸਲੇ ਨੂੰ ਰੱਦ ਕਰ ਦਿੱਤਾ, ਜਿਸਨੂੰ ਉਨ੍ਹਾਂ ਦੀ ਆਰਥਿਕ ਨੀਤੀ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਨਵੇਂ ਟੈਰਿਫ਼ ਵੱਖਰੇ ਕਾਨੂੰਨੀ ਪ੍ਰਬੰਧ ਹੇਠ ਲਾਗੂ ਕੀਤੇ ਜਾਣਗੇ ਅਤੇ ਇਹ ਲਗਭਗ 150 ਦਿਨਾਂ ਲਈ ਪ੍ਰਭਾਵੀ ਰਹਿਣਗੇ। ਜਾਣਕਾਰੀ ਮੁਤਾਬਕ ਇਹ ਕਦਮ ਮੰਗਲਵਾਰ ਤੋਂ ਲਾਗੂ ਹੋ ਸਕਦਾ ਹੈ ਜਿਸਦਾ ਅਸਰ ਅੰਤਰਰਾਸ਼ਟਰੀ ਵਪਾਰ ਅਤੇ ਨਿਰਯਾਤ-ਆਯਾਤ ਨਾਲ ਜੁੜੇ ਉਦਯੋਗਾਂ ‘ਤੇ ਪੈਣ ਦੀ ਸੰਭਾਵਨਾ ਹੈ।ਬ੍ਰਿਟਿਸ਼ ਕਾਰੋਬਾਰੀਆਂ ਨੇ ਕਿਹਾ ਹੈ ਕਿ ਨਵੇਂ ਟੈਰਿਫ਼ ਕਾਰਨ ਵਪਾਰਕ ਸਮਝੌਤਿਆਂ, ਸਪਲਾਈ ਚੇਨ ਅਤੇ ਕੀਮਤਾਂ ‘ਤੇ ਅਸਰ ਪੈ ਸਕਦਾ ਹੈ। ਇੰਟਰਨੈਸ਼ਨਲ ਚੈਂਬਰ ਆਫ਼ ਕਾਮਰਸ ਦੇ ਪ੍ਰਤੀਨਿਧੀ ਜੌਨ ਡੈਂਟਨ ਨੇ ਕਿਹਾ ਕਿ ਹਾਲਾਤਾਂ ਬਾਰੇ ਕਈ ਸਵਾਲ ਅਜੇ ਵੀ ਅਣਸੁਲਝੇ ਹਨ, ਜਿਵੇਂ ਕਿ ਨਵੇਂ ਟੈਰਿਫ਼ ਕਿਵੇਂ ਲਾਗੂ ਹੋਣਗੇ, ਪਹਿਲਾਂ ਇਕੱਠੀ ਕੀਤੀ ਰਕਮ ਦਾ ਕੀ ਹੋਵੇਗਾ ਅਤੇ ਮੌਜੂਦਾ ਵਪਾਰਕ ਸਮਝੌਤਿਆਂ ਦਾ ਭਵਿੱਖ ਕੀ ਰਹੇਗਾ।

ਟਰੰਪ ਨੇ ਸੁਪਰੀਮ ਕੋਰਟ ਦੇ ਫ਼ੈਸਲੇ ‘ਤੇ ਤਿੱਖੀ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਅਦਾਲਤ ਦਾ ਫ਼ੈਸਲਾ ਗਲਤ ਹੈ ਅਤੇ ਉਨ੍ਹਾਂ ਕੋਲ ਵਿਕਲਪਕ ਤਾਕਤਵਰ ਕਾਨੂੰਨੀ ਰਾਹ ਮੌਜੂਦ ਹਨ। ਉਨ੍ਹਾਂ ਨੇ ਫ਼ੈਸਲੇ ਨੂੰ ਨਿਰਾਸ਼ਾਜਨਕ ਦੱਸਦਿਆਂ ਸੰਕੇਤ ਦਿੱਤਾ ਕਿ ਅਮਰੀਕਾ ਆਪਣੇ ਵਪਾਰਕ ਹਿੱਤਾਂ ਦੀ ਰੱਖਿਆ ਲਈ ਹੋਰ ਕਦਮ ਚੁੱਕੇਗਾ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਕਦਮ ਵਿਸ਼ਵ ਵਪਾਰ ਸੰਬੰਧਾਂ ਵਿੱਚ ਨਵਾਂ ਤਣਾਅ ਪੈਦਾ ਕਰ ਸਕਦਾ ਹੈ ਅਤੇ ਯੂਰਪ ਤੇ ਬ੍ਰਿਟੇਨ ਦੇ ਨਿਰਯਾਤਕਾਰਾਂ ਲਈ ਆਰਥਿਕ ਚੁਣੌਤੀਆਂ ਵਧ ਸਕਦੀਆਂ ਹਨ। ਆਉਣ ਵਾਲੇ ਦਿਨਾਂ ਵਿੱਚ ਅੰਤਰਰਾਸ਼ਟਰੀ ਬਾਜ਼ਾਰਾਂ ਦੀ ਪ੍ਰਤੀਕ੍ਰਿਆ ਅਤੇ ਸਰਕਾਰਾਂ ਦੀ ਵਪਾਰਕ ਨੀਤੀ ਇਸ ਮਾਮਲੇ ਦੀ ਦਿਸ਼ਾ ਤੈਅ ਕਰੇਗੀ।

# ਸਨੋਡਨ ਪਹਾੜ ‘ਤੇ ਵੱਡਾ ਹਾਦਸਾ: ਲਾਪਤਾ ਦੋ ਨੌਜਵਾਨ ਮ੍ਰਿਤਕ ਮਿਲੇ, ਖੋਜ ਅਭਿਆਨ ਬਾਅਦ ਦੁਖਦਾਈ ਅੰਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਵੇਲਜ਼ ਦੇ ਸਨੋਡੋਨੀਆ ਨੈਸ਼ਨਲ ਪਾਰਕ ਸਥਿਤ ਪ੍ਰਸਿੱਧ ਸਨੋਡਨ (ਯਰ ਵਿਦਵਾ) ਪਹਾੜ ‘ਤੇ ਲਾਪਤਾ ਹੋਏ 19 ਅਤੇ 20 ਸਾਲਾ ਦੋ ਨੌਜਵਾਨਾਂ ਦੀ ਵੱਡੇ ਪੱਧਰ ‘ਤੇ ਚਲਾਈ ਗਈ ਖੋਜ ਮੁਹਿੰਮ ਤੋਂ ਬਾਅਦ ਮੌਤ ਹੋਣ ਦੀ ਪੁਸ਼ਟੀ ਹੋਈ ਹੈ। ਨਾਰਥ ਵੇਲਜ਼ ਪੁਲਿਸ ਨੂੰ ਬੁੱਧਵਾਰ 18 ਫ਼ਰਵਰੀ ਨੂੰ ਦੋਵੇਂ ਨੌਜਵਾਨਾਂ ਦੀ ਸੁਰੱਖਿਆ ਬਾਰੇ ਚਿੰਤਾ ਜਤਾਈ ਗਈ ਸੀ, ਜਿਸ ਤੋਂ ਬਾਅਦ ਤੁਰੰਤ ਐਮਰਜੈਂਸੀ ਸੇਵਾਵਾਂ ਵੱਲੋਂ ਖੋਜ ਅਤੇ ਬਚਾਅ ਕਾਰਵਾਈ ਸ਼ੁਰੂ ਕੀਤੀ ਗਈ। ਜਾਣਕਾਰੀ ਅਨੁਸਾਰ ਦੋਵੇਂ ਨੌਜਵਾਨ ਪਹਾੜੀ ਯਾਤਰਾ ਲਈ ਗਏ ਹੋਏ ਸਨ ਪਰ ਵਾਪਸ ਨਾ ਆਉਣ ਕਾਰਨ ਵੱਡਾ ਸਰਚ ਆਪਰੇਸ਼ਨ ਚਲਾਇਆ ਗਿਆ,ਜਿਸ ਵਿੱਚ ਮਾਊਂਟੇਨ ਰੈਸਕਿਊ ਟੀਮਾਂ, ਖਾਸ ਤਰ੍ਹਾਂ ਸਿਖਲਾਈ ਪ੍ਰਾਪਤ ਖੋਜੀ ਕੁੱਤੇ ਅਤੇ ਹੈਲੀਕਾਪਟਰ ਦੀ ਮਦਦ ਲਈ ਗਈ। ਬਰਫ਼ੀਲੇ ਅਤੇ ਖਤਰਨਾਕ ਮੌਸਮੀ ਹਾਲਾਤਾਂ ਦੇ ਬਾਵਜੂਦ ਟੀਮਾਂ ਨੇ ਕਈ ਘੰਟਿਆਂ ਤੱਕ ਪਹਾੜੀ ਇਲਾਕਿਆਂ ਵਿੱਚ ਤਲਾਸ਼ੀ ਜਾਰੀ ਰੱਖੀ ਅਤੇ ਆਖ਼ਰਕਾਰ ਸਨੋਡੋਨੀਆ ਖੇਤਰ ਵਿੱਚ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ, ਜਿਨ੍ਹਾਂ ਨੂੰ ਲਾਪਤਾ ਨੌਜਵਾਨਾਂ ਨਾਲ ਸੰਬੰਧਤ ਮੰਨਿਆ ਜਾ ਰਿਹਾ ਹੈ। ਪੁਲਿਸ ਮੁਤਾਬਕ ਮ੍ਰਿਤਕਾਂ ਦੀ ਪੂਰੀ ਪਛਾਣ ਅਤੇ ਨੈਸ਼ਨੈਲਟੀ ਦੀ ਅਧਿਕਾਰਿਕ ਪੁਸ਼ਟੀ ਪਰਿਵਾਰਾਂ ਨੂੰ ਸੂਚਿਤ ਕਰਨ ਤੋਂ ਬਾਅਦ ਹੀ ਜਾਰੀ ਕੀਤੀ ਜਾਵੇਗੀ। ਅਧਿਕਾਰੀਆਂ ਨੇ ਕਿਹਾ ਕਿ ਸਰਦੀਆਂ ਦੌਰਾਨ ਸਨੋਡਨ ਪਹਾੜ ‘ਤੇ ਮੌਸਮ ਤੇਜ਼ੀ ਨਾਲ ਬਦਲ ਜਾਂਦਾ ਹੈ ਅਤੇ ਬਰਫ਼, ਫਿਸਲਣ ਅਤੇ ਘੱਟ ਦਿੱਖ ਕਾਰਨ ਯਾਤਰੀਆਂ ਲਈ ਖ਼ਤਰਾ ਵੱਧ ਜਾਂਦਾ ਹੈ। ਮਾਊਂਟੇਨ ਰੈਸਕਿਊ ਟੀਮਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਹਾੜੀ ਯਾਤਰਾ ਤੋਂ ਪਹਿਲਾਂ ਮੌਸਮ ਦੀ ਪੂਰੀ ਜਾਣਕਾਰੀ ਲੈਣ, ਸੁਰੱਖਿਆ ਸਾਜੋ-ਸਮਾਨ ਨਾਲ ਜਾਣ ਅਤੇ ਆਪਣੀ ਯਾਤਰਾ ਬਾਰੇ ਪਰਿਵਾਰ ਜਾਂ ਦੋਸਤਾਂ ਨੂੰ ਜਾਣਕਾਰੀ ਦੇ ਕੇ ਹੀ ਰਵਾਨਾ ਹੋਣ। ਇਸ ਦੁਖਦਾਈ ਘਟਨਾ ਨਾਲ ਸਥਾਨਕ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ ਜਦਕਿ ਜਾਂਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਪੜਤਾਲ ਜਾਰੀ ਹੈ।

# ਹੌਜ਼ਰੀ ਕਾਰੋਬਾਰੀ ਦੇ ਨਾਲ ਲੱਖਾਂ ਦੀ ਠੱਗੀ : ਪੇਮੈਂਟ ਦੇ ਨਾਂ 'ਤੇ ਵਸੂਲੀ ਜ਼ਿਆਦਾ ਰਕਮ

## ਵਾਪਸ ਮੰਗਣ 'ਤੇ ਧਮਕਾਇਆ, ਕੇਸ ਦਰਜ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਹੌਜ਼ਰੀ ਕਾਰੋਬਾਰ ਨਾਲ ਜੁੜੇ ਇੱਕ ਵਪਾਰੀ ਦੇ ਨਾਲ ਲੱਖਾਂ ਦੀ ਧੋਖਾਦੇਹੀ ਦਾ ਮਾਮਲਾ ਸਾਹਮਣੇ ਆਇਆ ਹੈ। ਕਾਰੋਬਾਰੀ ਸੰਬੰਧ ਦਾ ਫਾਇਦਾ ਉਠਾ ਕੇ ਇੱਕ ਹੋਰ ਫਰਮ ਦੇ ਮਾਲਕ ਨੇ ਝਾਂਸੇ ਵਿੱਚ ਲੈ ਕੇ ਪੀੜਤ ਤੋਂ ਵਾਧੂ ਰਾਸ਼ੀ ਵਸੂਲ ਕਰ ਲਈ ਤੇ ਹੁਣ ਉਹ ਰਕਮ ਵਾਪਸ ਕਰਨ ਤੋਂ ਸਾਫ ਮੁੱਕਰ ਗਿਆ ਹੈ। ਪੁਲਸ ਨੇ ਬਰੀਕੀ ਨਾਲ ਜਾਂਚ ਤੋਂ ਬਾਅਦ ਮੁਲਜ਼ਮ ਕੌਸ਼ਿਕ ਮਲਿਕ ਮੈਸਰਜ ਆਕਾਸ਼ ਕਲੋਥਿੰਗ ਦੇ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਵਿੱਚ ਪੀੜਤ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਹੌਜ਼ਰੀ ਦੇ ਕੱਪੜਿਆਂ ਦਾ ਕਾਰੋਬਾਰ ਕਰਦਾ ਹੈ। ਉਸ ਦਾ ਵਪਾਰਕ ਲੈਣ-ਦੇਣ ਮੁਲਜ਼ਮ ਕੌਸ਼ਿਕ ਦੀ ਫਰਮ ਮੈਸਰਜ ਆਕਾਸ਼ ਕਲੋਥਿੰਗ ਦੇ ਨਾਲ ਲੰਬੇ ਸਮੇਂ ਤੋਂ ਚੱਲ ਰਿਹਾ ਸੀ। ਦੋਵੇਂ ਧਿਰਾਂ ਨਿਯਮ ਨਾਲ ਕੱਪੜਿਆਂ ਦਾ ਵਪਾਰ ਕਰਦੀਆਂ ਆ ਰਹੀਆਂ ਸਨ ਜਿਸ ਕਾਰਨ ਪੀੜਤ ਨੇ ਮੁਲਜ਼ਮ 'ਤੇ ਪੂਰਾ ਭਰੋਸਾ ਕਰ ਲਿਆ ਸੀ । ਉਨ੍ਹਾਂ ਦਾ ਦੋਸ਼ ਹੈ ਕਿ ਵਪਾਰਕ ਲੈਣ ਦੇਣ ਦੌਰਾਨ ਮੁਲਜ਼ਮ ਕੌਸ਼ਿਕ ਨੇ ਹੇਰਾਫੇਰੀ ਕਰਦੇ ਅਸਲ ਬਕਾਇਆ ਰਾਸ਼ੀ ਤੋਂ ਕਿਤੇ ਜ਼ਿਆਦਾ ਰਕਮ ਵਸੂਲ ਲਈ। ਜਦੋਂ ਪੀੜਤ ਨੇ ਆਪਣੇ ਖਾਤਿਆਂ ਦਾ ਮਿਲਾਨ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ ਮੁਲਜ਼ਮ ਨੂੰ ਲੋੜ ਤੋਂ ਜ਼ਿਆਦਾ ਭੁਗਤਾਨ ਕਰ ਦਿੱਤਾ ਹੈ। ਪੀੜਤ ਦੇ ਮੁਤਾਬਕ ਮੁਲਜ਼ਮ ਨੇ ਦਬਾਅ ਬਣਾ ਕੇ ਤੇ ਗਲਤ ਅੰਕੜੇ ਪੇਸ਼ ਕਰਕੇ ਜ਼ਿਆਦਾ ਪੈਸੇ ਠੱਗ ਲਏ। ਜਦੋਂ ਉਸ ਨੇ ਪੈਸੇ ਵਾਪਸ ਮੰਗੇ ਤਾਂ ਮੁਲਜ਼ਮ ਉਸ ਨੂੰ ਧਮਕਾਉਣ ਲੱਗਾ ।

# ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ




ਸਥਾਨਕ ਯੂਨੀਵਰਸਿਟੀ ਕਾਲਜ ਬਰਨਾਲਾ ਵਿੱਚ ਅੱਜ 21 ਫਰਵਰੀ 2026 ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਇੰਚਾਰਜ ਡਾਕਟਰ ਵਿਭਾ ਅਗਰਵਾਲ ਨੇ ਦੱਸਿਆ ਕਿ ਸਾਹਿਤਿਕ ਗਤੀਵਿਧੀਆਂ ਦੇ ਇੰਚਾਰਜ ਡਾਕਟਰ ਮੇਜਰ ਸਿੰਘ ਦੀ ਅਗਵਾਈ ਹੇਠ ਕਾਲਜ ਵਿੱਚ ਕੌਮਾਂਤਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ। ਮੁੱਖ ਬੁਲਾਰੇ ਦੇ ਤੌਰ 'ਤੇ ਡਾਕਟਰ ਭੀਮਇੰਦਰ ਸਿੰਘ ਡਾਇਰੈਕਟਰ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਹੁੰਚੇ। ਡਾਕਟਰ ਭੀਮਇੰਦਰ ਸਿੰਘ ਨੇ ਆਪਣੇ ਵਿਸ਼ੇਸ਼ ਲੈਕਚਰ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਮਾਤ ਭਾਸ਼ਾ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਾਤ ਭਾਸ਼ਾ ਨਾਲ ਜੁੜਨ ਦਾ ਸੁਨੇਹਾ ਦਿੱਤਾ । ਕਾਲਜ ਦੀਆਂ ਬੀ.ਏ.,ਬੀ ਐੱਸਸੀ, ਬੀ. ਕਾਮ, ਬੀਸੀਏ ਕਲਾਸਾਂ ਦੇ ਵਿਦਿਆਰਥੀਆਂ ਨੇ ਇਸ ਸੈਮੀਨਾਰ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰੋਫੈਸਰ ਲਵਪ੍ਰੀਤ ਸਿੰਘ, ਪ੍ਰੋਫੈਸਰ ਵਿਪਨ ਗੋਇਲ, ਡਾਕਟਰ ਰਾਮਪਾਲ ਸਿੰਘ ਡਾਕਟਰ ਹਰਵਿੰਦਰ ਸਿੰਘ, ਪ੍ਰੋਫੈਸਰ ਗੁਰਮੇਲ ਸਿੰਘ, ਜਗਤਾਰ ਸਿੰਘ, ਮਨਪ੍ਰੀਤ ਸਿੰਗਲਾ ਅਤੇ ਸਮੂਹ ਦਰਜਾ ਚਾਰ ਕਰਮਚਾਰੀ ਹਾਜ਼ਰ ਸਨ।

# ਅੱਖਾਂ ਦਾ ਮੁਫ਼ਤ ਜਾਂਚ ਅਤੇ ਅਪ੍ਰੇਸ਼ਨ ਕੈਂਪ ਲਗਾਇਆ



**ਰਾਏਕੋਟ, ਗੁਰਭਿੰਦਰ ਗੁਰੀ –** ਸਥਾਨਕ ਬੈਂਕ ਕਲੋਨੀ ਵਿੱਚ ਸਥਿੱਤ ਆਈ ਕੇਅਰ ਸੈਂਟਰ ਵੱਲੋਂ ਡਾ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਸੋਹਾਣਾ ਅੱਖਾਂ ਦਾ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਅੱਖਾਂ ਦੀਆਂ ਬਿਮਾਰੀਆਂ ਦਾ ਮੁਫ਼ਤ ਜਾਂਚ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ।ਲਗਾਏ ਗਏ ਇਸ ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵੱਲੋਂ 135 ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ 18 ਮਰੀਜ਼ਾਂ ਨੂੰ ਅਪ੍ਰੇਸ਼ਨ ਲਈ ਚੁਣਿਆ ਗਿਆ ਜਿੰਨ੍ਹਾ ਦਾ ਲੁਧਿਆਣਾ ਵਿਖੇ ਅਪ੍ਰੇਸ਼ਨ ਕੀਤਾ ਜਾਵੇਗਾ।ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਮੁਫ਼ਤ ਦਿੱਤੀਆਂ ਗਈਆਂ ।ਇਸ ਮੌਕੇ ਡਾ ਬਲਵਿੰਦਰ ਸਿੰਘ ਆਏ ਲੋਕਾਂ ਨੂੰ ਅੱਖਾਂ ਦੀ ਕਿਸੇ ਵੀ ਤਰਾਂ ਦੀ ਸਮੱਸਿਆ ਆਉਣ ਤੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣ ਲਈ ਪ੍ਰੇਰਤ ਕੀਤਾ।

# 2027 ਦੀਆਂ ਅਸੈਂਬਲੀ ਚੋਣਾਂ ਵਿੱਚ ਬਲਾਚੌਰ ਵਿੱਚ ਅਕਾਲੀ ਟਿਕਟ ਨੂੰ ਲੈ ਕੇ ਸਿਆਸੀ ਪਾਰਾ ਚੜਿਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਟਿਕਟ ਤੇ 2027 ਵਿੱਚ ਚੋਣਾਂ ਲੜਨ ਲਈ ਵੱਖ ਵੱਖ ਪਰਿਵਾਰਾਂ ਦੇ ਖਾਸ

**ਅਕਾਲੀ ਟਿਕਟ ਲੈਣ ਲਈ ਵਰਕਰਾਂ ਵਲੋਂ ਲਗਾਇਆ ਜਾ ਰਿਹਾ ਹੈ ਅੱਡੀ ਚੋਟੀ ਦਾ ਜ਼ੋਰ**

ਮੈਂਬਰਾਂ ਵਲੋਂ ਚੋਣ ਲੜਨ ਲਈ ਨੂੰ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਕਈ ਅਕਾਲੀ ਆਗੂ ਲੋਕਾਂ ਵਿੱਚ ਦਾਅਵਾ ਕਰ ਰਹੇ ਹਨ ਕਿ ਸਾਡੀ ਸੁਖਬੀਰ ਸਿੰਘ ਬਾਦਲ ਤੱਕ ਸਿੱਧੀ ਪਹੁੰਚ ਹੈ ।ਇਸ ਲਈ ਸਾਡੀ ਟਿਕਟ ਪੱਕੀ ਹੈ। ਭਰੋਸੇ ਯੋਗ ਸੂਤਰਾਂ ਅਨੁਸਾਰ ਇਹ ਅਕਾਲੀ ਪਰਿਵਾਰ ਪਿਛਲੇ ਦਿਨੀਂ ਆਪਣੇ




ਸਮਰੱਥਕਾਂ ਨੂੰ ਨਾਲ ਲੈ ਕੇ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕਰਨ ਗਏ ਸਨ। ਇਹੀ ਵੀ ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਟਿਕਟ ਕਿਸੇ ਦੀ ਵੀ ਜੇਬ ਦੀ ਵਸਤੂ ਨਹੀ ਹੈ ।ਉਨ੍ਹਾਂ ਆਪਣੇ ਵਰਕਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਪਹਿਲਾਂ ਆਪਣੇ ਹਲਕਿਆਂ ਵਿੱਚ ਜਾ ਕੇ ਮਿਹਨਤ ਕਰੋ। ਲੋਕਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋ ਪਾਰਟੀ ਲਈ ਜ਼ਮੀਨੀ ਪੱਧਰ ਤੇ ਕੰਮ ਕਰੋ ।ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਪਾਰਟੀ ਵਲੋਂ ਸਰਵੇ ਕਰਵਾਇਆ ਜਾਵੇਗਾ। ਜਿਸ ਦਾ ਨਾਮ ਸਰਵੇ ਵਿੱਚ ਅੱਗੇ ਆਵੇਗਾ ਉਸ ਨੂੰ ਟਿਕਟ ਦਿੱਤੀ ਜਾਵੇਗੀ। ਇਸ ਗੱਲ ਤੋਂ ਬਾਅਦ ਸਿਆਸੀ ਗਿਲਆਰਿਆ ਵਿੱਚ ਹਲਚਲ ਹੋਰ ਤੇਜ਼ ਹੋ ਗਈ ।ਇੱਥੇ ਇਹ ਵੀ ਵਰਨਣਯੋਗ ਹੈ ਅਕਾਲੀ ਵਰਕਰਾਂ ਵਿੱਚ ਇਹ ਘੁਸਰ ਮੁਸਰ ਹੋਣੀ ਸ਼ੁਰੂ ਹੋ ਗਈ ਜਿਸ ਤੋਂ ਪਤਾ ਲੱਗਦਾ ਹੈ। ਅਕਾਲੀ ਵਰਕਰ ਮੰਗ ਕਰ ਰਹੇ ਹਨ ਕਿ ਜਿਨ੍ਹਾਂ ਵਰਕਰਾਂ ਨੇ ਔਖੇ ਸਮੇਂ ਵਿੱਚ ਪਾਰਟੀ ਦਾ ਝੰਡਾ ਬੁਲੰਦ ਰੱਖਿਆ ਹੈ। ਉਨ੍ਹਾਂ ਨੂੰ ਟਿਕਟ ਦੇਣ ਨਜ਼ਰ ਅੰਦਾਜ਼ ਨਹੀ ਕੀਤਾ ਜਾਣਾ ਚਾਹੀਦਾ ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਔਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ਉਨੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) ... | £19 |
| NURALACO | (IN OINTMENT OR LOTION) ... | £19 |
| CHILLAGA | (IN OINTMENT OR LOTION) ... | £19 |
| ARNSTRA | (IN OINTMENT) ... (SPRAINS) ... (BED SORES) ... | £19 |
| BELINFLA | (IN OIL OR OINTMENT) ... | £19 |
| BELULCE | (IN OIL) ... ULCERS ... | £19 |
| BRYJOIN | (IN OIL) ... | £19 |
| CALWOUN | (IN OIL OR OINTMENT) ... | £19 |
| BURCAN | (IN LOTION OR OINTMENT) ... | £19 |
| ROUTUM | (IN OINTMENT) ... | £19 |
| JOINRHU | (IN OIL) ... | £19 |
| ABSSIL | (IN LOTION) ... | £19 |
| ITCSUL | (IN OIL) ... | £19 |
| WARTHU | (IN OIL) ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਚੱਬੇਵਾਲ ਪੁਲਿਸ ਨੇ 24 ਘੰਟਿਆਂ ਵਿੱਚ ਦੋਸ਼ੀ ਨੂੰ ਕੀਤਾ ਗ੍ਰਿਫ਼ਤਾਰ

## 99 ਸਾਲਾਂ ਬਜ਼ੁਰਗ ਮਹਿਲਾ ਦੇ ਕਤਲ ਦੀ ਗੁੱਥੀ ਸੁਲਝੀ


**ਹੁਸ਼ਿਆਰਪੁਰ / ਚੱਬੇਵਾਲ ( ਤਰਸੇਮ ਦੀਵਾਨਾ )** - ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਾਮ ਵਿੱਚ ਇੱਕ 99 ਸਾਲਾ ਬਜ਼ੁਰਗ ਔਰਤ ਜੋਗਿੰਦਰ ਕੌਰ ਦੇ ਬੇਰਹਿਮੀ ਨਾਲ ਹੋਏ ਕਤਲ ਦੇ ਮਾਮਲੇ ਨੂੰ ਥਾਣਾ ਚੱਬੇਵਾਲ ਦੀ ਪੁਲਿਸ ਨੇ ਮਹਿਜ਼ 24 ਘੰਟਿਆਂ ਦੇ ਅੰਦਰ ਸੁਲਝਾਉਂਦਿਆਂ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਕਥਿਤ ਦੋਸ਼ੀ ਕੋਲੋਂ ਚੋਰੀ ਕੀਤੀ ਨਕਦੀ ਅਤੇ ਮੋਬਾਈਲ ਫ਼ੋਨ ਵੀ ਬਰਾਮਦ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਪਰਮਿੰਦਰ ਸਿੰਘ ਐਸ ਪੀ ਡੀ ਹੁਸ਼ਿਆਰਪੁਰ ਨੇ ਦੱਸਿਆ ਕਿ ਬੀਤੇ ਦਿਨੀ ਐਸ.ਐਚ.ਓ. ਚੱਬੇਵਾਲ ਮਨਿੰਦਰ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਭਾਮ ਵਿੱਚ ਇੱਕ ਬਜ਼ੁਰਗ ਔਰਤ ਦੀ ਮੌਤ ਹੋ ਗਈ ਹੈ। ਜਦੋਂ ਪੁਲਿਸ ਟੀਮਾਂ ਅਤੇ ਡੀ.ਐਸ.ਪੀ. ਪਲਵਿੰਦਰ ਸਿੰਘ ਮੌਕੇ 'ਤੇ ਪਹੁੰਚੇ, ਤਾਂ ਉਨ੍ਹਾਂ ਨੇ ਦੇਖਿਆ ਕਿ ਜੋਗਿੰਦਰ ਕੌਰ ਦੀ ਲਾਸ਼ ਘਰ ਵਿੱਚ ਪਈ ਇੱਕ ਲੋਹੇ ਦੀ ਪੇਟੀ ਵਿੱਚ ਲੁਕਾਈ ਹੋਈ ਸੀ। ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਮ੍ਰਿਤਕ ਦਾ ਲੜਕਾ ਸੁਖਦੇਵ ਸਿੰਘ ਆਸਟ੍ਰੇਲੀਆ ਰਹਿੰਦਾ ਹੈ। ਉਸ ਨੇ ਆਪਣੇ ਘਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਆਪਣੇ ਮੋਬਾਈਲ 'ਤੇ ਚੈੱਕ ਕੀਤੀ ਅਤੇ ਗੁਆਂਢੀ ਸੁਰਜੀਤ ਕੌਰ ਨੂੰ ਇਸ ਬਾਰੇ ਸੂਚਿਤ ਕੀਤਾ। ਪੁਲਿਸ ਨੇ ਮਨੁੱਖੀ ਸੂਝ-ਬੂਝ ਅਤੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਛਾਪੇਮਾਰੀ ਕਰਕੇ ਉਸੇ ਪਿੰਡ ਦੇ ਰਹਿਣ ਵਾਲੇ ਡੈਨੀਅਲ ਪੁੱਤਰ ਸੁਰਿੰਦਰਪਾਲ ਸਿੰਘ ਨੂੰ ਹਿਰਾਸਤ ਵਿੱਚ ਲਿਆ। ਪੁਲਿਸ ਦੀ ਮੁਢਲੀ ਪੁੱਛਗਿੱਛ



ਦੌਰਾਨ ਦੋਸ਼ੀ ਨੇ ਕਥਿਤ ਤੌਰ 'ਤੇ ਕਬੂਲਿਆ ਕਿ ਉਹ ਚੋਰੀ ਦੀ ਨੀਅਤ ਨਾਲ ਜੋਗਿੰਦਰ ਕੌਰ ਦੇ ਘਰ ਅੰਦਰ ਦਾਖਲ ਹੋਇਆ ਸੀ। ਜਦੋਂ ਜੋਗਿੰਦਰ ਕੌਰ ਨੇ ਉਸ ਨੂੰ ਪਛਾਣ ਲਿਆ, ਤਾਂ ਆਪਣਾ ਗੁਨਾਹ ਛੁਪਾਉਣ ਲਈ ਦੋਸ਼ੀ ਵੱਲੋਂ ਕਥਿਤ ਤੌਰ 'ਤੇ ਬਜ਼ੁਰਗ ਮਹਿਲਾ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਅਤੇ ਲਾਸ਼ ਨੂੰ ਖੁਰਦ-ਬੁਰਦ ਕਰਨ ਦੀ ਨੀਅਤ ਨਾਲ ਲੋਹੇ ਦੀ ਪੇਟੀ ਵਿੱਚ ਲੁਕਾ ਦਿੱਤਾ ਗਿਆ। ਪੁਲਿਸ ਨੇ ਕਥਿਤ ਤੌਰ 'ਤੇ ਦੋਸ਼ੀ ਕੋਲੋਂ ਮ੍ਰਿਤਕ ਦੀ 90,000 ਰੁਪਏ ਨਕਦੀ ਅਤੇ ਇੱਕ ਐਪਲ ਆਈਫੋਨ ਬਰਾਮਦ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਥਾਣਾ ਚੱਬੇਵਾਲ ਵਿਖੇ ਵੱਖ ਵੱਖ ਧਾਰਾਵਾਂ ਤਹਿਤ 103 ਅਤੇ 331(3) (ਅਪਰਾਧ ਕਰਨ ਦੇ ਇਰਾਦੇ ਨਾਲ ਘਰ ਵਿੱਚ ਜ਼ਬਰਦਸਤੀ ਦਾਖਲ ਹੋਣਾ ਜਾਂ ਘਰ ਦੀ ਕੰਧ ਤੋੜਨਾ) ਦੇ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਅਗਲੇਰੀ ਤਫਤੀਸ਼ ਜਾਰੀ ਹੈ।

# ਕੇਅਰ ਹੋਮ ਵਿੱਚ ਬਜ਼ੁਰਗ ਮਹਿਲਾਵਾਂ ਨਾਲ ਜਿਨਸੀ ਹਿੰਸਾ ਕਰਨ ਵਾਲੇ ਦੋਸ਼ੀ ਨੂੰ ਲੰਬੀ ਕੈਦ ਦੀ ਸਜ਼ਾ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਵਿੱਚ ਇਕ ਕੇਅਰ ਹੋਮ ਵਿੱਚ ਰਹਿ ਰਹੀਆਂ ਬਜ਼ੁਰਗ ਮਹਿਲਾਵਾਂ ਨਾਲ ਜਿਨਸੀ ਹਿੰਸਾ ਕਰਨ ਅਤੇ ਹਮਲਿਆਂ ਦੀ ਵੀਡੀਓ ਬਣਾਉਣ ਵਾਲੇ ਇਕ ਵਿਅਕਤੀ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇ ਕੇ ਲੰਬੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਦੋਸ਼ੀ ਨੇ ਤਿੰਨ ਬਜ਼ੁਰਗ ਮਹਿਲਾਵਾਂ ਨਾਲ ਜਬਰਜਨਾਹ ਕੀਤਾ ਅਤੇ ਚੌਥੀ ਮਹਿਲਾ ਨੂੰ ਵੀ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਸਨੇ ਆਪਣੇ ਅਪਰਾਧਾਂ ਦੀ ਵੀਡੀਓ ਰਿਕਾਰਡਿੰਗ ਕੀਤੀ ਸੀ, ਜਿਸ ਕਾਰਨ ਮਾਮਲੇ ਨੂੰ ਬਹੁਤ ਗੰਭੀਰ ਮੰਨਿਆ ਗਿਆ। ਪੁਲਿਸ ਮੁਤਾਬਕ ਇਹ ਘਟਨਾਵਾਂ ਉਸ ਸਮੇਂ ਸਾਹਮਣੇ ਆਈਆਂ ਜਦੋਂ ਕੇਅਰ ਹੋਮ ਪ੍ਰਬੰਧਨ ਨੂੰ ਸ਼ੱਕ ਹੋਇਆ ਅਤੇ ਮਾਮਲੇ ਦੀ ਸੂਚਨਾ ਤੁਰੰਤ ਅਧਿਕਾਰੀਆਂ ਨੂੰ ਦਿੱਤੀ ਗਈ। ਜਾਂਚ ਤੋਂ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੇ ਪੱਕੇ ਸਬੂਤਾਂ ਦੇ ਆਧਾਰ ‘ਤੇ ਉਸਨੂੰ ਕਸੂਰਵਾਰ ਠਹਿਰਾਇਆ ਗਿਆ। ਸੁਣਵਾਈ ਦੌਰਾਨ ਜੱਜ ਨੇ ਕਿਹਾ ਕਿ ਦੋਸ਼ੀ ਨੇ ਸਮਾਜ ਦੇ ਸਭ ਤੋਂ ਨਾਜ਼ੁਕ ਅਤੇ ਸੁਰੱਖਿਆ ਦੀ ਲੋੜ ਵਾਲੇ ਲੋਕਾਂ ਨਾਲ ਭਿਆਨਕ ਧੋਖਾ ਕੀਤਾ ਹੈ ਅਤੇ ਉਸਦੇ ਕਰਤੂਤ ਬਹੁਤ ਹੀ ਘਿਨੌਣੇ



ਅਤੇ ਅਮਾਨਵੀ ਹਨ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਅਪਰਾਧਾਂ ਲਈ ਸਖ਼ਤ ਸਜ਼ਾ ਲਾਜ਼ਮੀ ਹੈ ਤਾਂ ਜੋ ਸਮਾਜ ਵਿੱਚ ਸਪੱਸ਼ਟ ਸੰਦੇਸ਼ ਜਾਵੇ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ ਨੇ ਕੇਅਰ ਹੋਮਾਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਰੋਕਣ ਲਈ ਨਿਗਰਾਨੀ ਪ੍ਰਣਾਲੀ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਪੀੜਤ ਮਹਿਲਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹਿੰਮਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਦਦ ਨਾਲ ਹੀ ਦੋਸ਼ੀ ਨੂੰ ਕਾਨੂੰਨ ਦੇ ਕਟਘਰੇ ਵਿੱਚ ਲਿਆਂਦਾ ਜਾ ਸਕਿਆ। ਸਮਾਜਿਕ ਸੰਸਥਾਵਾਂ ਨੇ ਇਸ ਘਟਨਾ ਨੂੰ ਬਹੁਤ ਚਿੰਤਾਜਨਕ ਦੱਸਦਿਆਂ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੀਆਂ ਸੰਸਥਾਵਾਂ ਵਿੱਚ ਸਖ਼ਤ ਜਾਂਚ ਅਤੇ ਸੁਰੱਖਿਆ ਪ੍ਰੋਟੋਕੋਲ ਲਾਗੂ ਕਰਨ ਦੀ ਮੰਗ ਕੀਤੀ ਹੈ।

# ਪੰਜਾਬੀ ਸਾਹਿਤ ਮੰਚ ਬਲਾਚੌਰ ਵੱਲੋਂ ਕੌਮਾਂਤਰੀ ਮਾ ਬੋਲੀ ਦਿਵਸ ਮਨਾਇਆ

## ਬੀਏਵੀ ਸਕੂਲ ਦੀ ਲਾਇਬ੍ਰੇਰੀ ਲਈ ਪੰਜਾਬੀ ਦੀਆਂ ਕਿਤਾਬਾਂ ਭੇਟ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬੀ ਸਾਹਿਤ ਮੰਚ ਬਲਾਚੌਰ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਬੀਏਵੀ ਸੀਨੀਅਰ ਸੈਂਕਡਰੀ ਸਕੂਲ,ਬਲਾਚੌਰ ਵਿੱਖੇ ਸੰਖੇਪ ਪਰ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਚੰਦਰੇਸ਼ ਸ਼ੋਰੀ ਅਤੇ ਉਨ੍ਹਾਂ ਦੇ ਸਟਾਫ ਵੱਲੋਂ ਪੰਜਾਬੀ ਸਾਹਿਤ ਮੰਚ ਬਲਾਚੌਰ ਦੇ ਪ੍ਰਧਾਨ ਤੇ ਨਾਮਵਰ ਕਹਾਣੀਕਾਰ ਸੁਰਿੰਦਰ ਸਿੰਘ ਰਾਏ, ਮਾਸਟਰ ਹਰੀ ਸਿੰਘ ਅਤੇ ਮਾਸਟਰ ਹਰਜਿੰਦਰ ਸਿੰਘ ਉੱਲਦਣੀ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਕਹਾਣੀਕਾਰ ਸੁਰਿੰਦਰ ਸਿੰਘ ਰਾਏ ਵੱਲੋਂ ਸੋਧੇ ਗਏ ਕਹਾਣੀ ਸੰਗ੍ਰਹਿ ;ਮਿੱਸ ਕਾਲ,ਕੰਨਟਰੈਕਟ ਮੈਰਿਜ, ਕਵੀ,ਬ੍ਰਿਖ ਤੇ ਆਜੜੀ ਜਿੱਥੇ ਜਾਰੀ ਕੀਤੇ ਉਥੇ ਵੱਖ ਵੱਖ ਲੇਖਕਾਂ ਦੀਆਂ ਕਿਤਾਬਾਂ ਦੇ ਸੈਟ ਲਾਇਬ੍ਰੇਰੀ ਲਈ ਭੇਟ ਕੀਤੇ ਗਏ।ਇਸ ਮੌਕੇ ਕਹਾਣੀਕਾਰ ਸੁਰਿੰਦਰ ਸਿੰਘ ਰਾਏ ਨੇ ਕੌਮਾਂਤਰੀ ਮਾਂ ਬੋਲੀ ਦਿਵਸ ਦੀ ਮਹੱਤਤਾ ਸੰਬਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਮਨੁੱਖੀ ਸਮਾਜ ਵਿੱਚ ਭਾਸ਼ਾ ਦੁਆਰਾ ਆਪਸੀ ਵਿਚਾਰਾਂ ਅਤੇ ਭਾਵਨਾਵਾਂ ਦਾ ਸੰਚਾਰ ਕੀਤਾ ਜਾਂਦਾ



**ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਪੰਜਾਬੀ ਸਾਹਿਤ ਮੰਚ ਬਲਾਚੌਰ ਦੇ ਪ੍ਰਧਾਨ ਤੇ ਕਹਾਣੀਕਾਰ ਸੁਰਿੰਦਰ ਸਿੰਘ ਰਾਏ ਬੀ ਏ ਵੀ ਸੀਨੀਅਰ ਸੈਂਕਡਰੀ ਸਕੂਲ ਬਲਾਚੌਰ ਦੀ ਲਾਇਬ੍ਰੇਰੀ ਲਈ ਪੁਸਤਕਾ ਭੇਟ ਕਰਨ ਮੌਕੇ ਨਾਲ ਦਿਖਾਈ ਦੇ ਰਹੇ ਪ੍ਰਿੰਸੀਪਲ ਚੰਦਰੇਸ਼ ਸ਼ੋਰੀ ਤੇ ਸਮੁੱਚਾ ਸਟਾਫ ਤੇ ਮੰਚ ਦੇ ਮੈਂਬਰ।**

ਅਤੇ ਭਾਸ਼ਾ ਜਰੀਏ ਹੀ ਕਿਸੇ ਕੌਮ ਦੀ ਸਭਿਆਚਾਰਕ, ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ, ਸਾਹਿਤਕ ਅਤੇ ਵਿੱਦਿਅਕ ਸਥਿਤੀ ਉਭਰ ਕੇ ਸਾਹਮਣੇ ਆਉਂਦੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਮਾਤ ਭਾਸ਼ਾ ਤੇ ਮਾਣ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾ ਕਿਹਾ ਕਿ ਸਾਡੀ ਮਾਤ ਭਾਸ਼ਾ ਪੰਜਾਬੀ ਹੈ, ਪਰ ਅਫਸੋਸ ਦੀ ਗੱਲ ਇਹ ਹੈ ਕਿ ਅਸੀਂ ਮਾਤ ਭਾਸ਼ਾ ਨੂੰ ਵਿਸਾਰ ਰਹੇ ਹਾਂ।ਉਨ੍ਹਾਂ ਕਿਹਾ ਕਿ 35 ਅੱਖਰੀ ਨੂੰ ਸਨਮਾਨ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਹੈਰਾਨੀ ਤੇ ਪ੍ਰੇਸ਼ਾਨੀ ਹੁੰਦੀ ਹੈ ਜੱਦੋਂ ਸ਼ੋਸ਼ਲ ਮੀਡੀਆ ਤੇ ਕਿਸੀ ਜਿਆਦਾਤਰ ਸਾਡੇ ਲੋਕ ਪੰਜਾਬੀ ਲਿਖਣ ਵਿੱਚ ਬਹੁਤ ਗਲਤੀਆਂ ਕਰਦੇ ਹਨ ਅਤੇ ਜਿਆਦਾਤਰ ਹਿੰਦੀ ਤੇ ਅੰਗਰੇਜੀ ਤੇ ਸ਼ਬਦ ਪ੍ਰਯੋਗ ਕੀਤੇ।ਇਸ ਮੌਕੇ ਮਾਸਟਰ ਹਰੀ ਸਿੰਘ ਰੱਕੜ, ਮਾਸਟਰ ਹਰਜਿੰਦਰ ਸਿੰਘ ਸੈਣੀ ਉੱਲਦਣੀ ਨੇ ਮਾਂ ਬੋਲੀ ਦਿਵਸ ਤੇ ਹਾਜਰੀਨ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਣ ਅਤੇ ਘਰਾਂ ਵਿੱਚ ਆਪਸ ਵਿੱਚ ਪੰਜਾਬੀ ਬੋਲੀ ਵਿੱਚ ਗੱਲਬਾਤ ਕਰਨ।ਉਨ੍ਹਾਂ ਕਿਹਾ ਕਿ ਵੱਡੇ ਸ਼ਹਿਰਾਂ ਵਿੱਚ ਸਾਡੇ ਪੰਜਾਬੀ ਭਰਾ ਜਿਹੜੇ ਵੱਡੇ ਵੱਡੇ ਅਹੁਦਿਆ ਤੇ ਬੇਠੇ ਹਨ ਪੰਜਾਬੀ ਮਾਂ ਬੋਲੀ ਸੰਬਧੀ ਜਨਤਕ ਮੰਚਾ ਤੇ ਮਾ ਬੋਲੀ ਦੀ ਗੱਲ ਤਾਂ ਜਰੂਰ ਜਰਦੇ ਹਨ ਪਰ ਆਪਣੇ ਘਰਾਂ ਵਿੱਚ ਮਾਂ ਬੋਲੀ ਨੂੰ ਵਿਸਾਰ ਰਹੇ ਹਨ, ਜਿਹੜਾ ਚਿੰਤਾਂ ਦਾ ਵਿਸ਼ਾ ਹੈ।ਇਸ ਮੌਕੇ ਪ੍ਰਿੰਸੀਪਲ ਚੰਦਰੇਸ਼ ਸ਼ੋਰੀ ਨੇ ਮਾਂ ਬੋਲੀ ਪੰਜਾਬੀ ਨੂੰ ਮਾਣ ਸਤਿਕਾਰ ਦੇਣ ਦਾ ਸੁਨੇਹਾ ਦਿੱਤਾ। ਇਸ ਮੌਕੇ ਉਭਰ ਰਹੀ ਲੇਖਕਾ ਅਧਿਆਪਕਾ ਅਨਮੋਲ ਨੇ “ਧੀਆਂ” ਤੇ “ਮਾਂ ਬੋਲੀ ਪੰਜਾਬੀ” ਸੰਬਧੀ ਕਵਿਤਾ ਸੁਣਾਈ।ਇਸ ਮੌਕੇ ਅਧਿਆਪਕਾ ਸੁਰੇਖਾ, ਪੁਸ਼ਪਾ ਵਿਆਸ, ਮੱਧੂ ਬਾਲਾ,ਪਿੰਕੀ, ਗੁਰਮੀਤ ਸਿੰਘ ਸੈਣੀ,ਜਸਬੀਰ ਸਿੰਘ, ਲਲਿਤ ਰਾਣਾ, ਦੀਦਾਰ ਸਿੰਘ ਬਲਾਚੌਰੀਆ, ਉਪੀ ਸ਼ਰਮਾਂ ਆਦਿ ਹਾਜਿਰ ਸਨ।

## ਮੈਂ ਇਸ ਕੈਂਪ ਵਿੱਚ ਸਹਿਯੋਗ ਕਰਨ ਵਾਲਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ -ਦਿਲਬਾਗ ਸਿੰਘ ਬਾਗੀ




**ਬੰਗਾ( ਚਰਨਜੀਤ ਸੱਲ੍ਹਾਂ )** ਮੈ ਰੋਟ ਦਿਲਬਾਗ ਸਿੰਘ ਬਾਗੀ ਪ੍ਰਧਾਨ ਰੋਟਰੀ ਕਲੱਬ ਬੰਗਾ ਗ੍ਰੀਨ ਅਤੇ ਮੇਰੇ ਪਿਆਰੇ ਭਤੀਜੇ ਜਤਿੰਦਰ ਸਿੰਘ (ਇਟਲੀ) ਵੱਲੋਂ ਆਪਣੇ ਸਤਿਕਾਰਯੋਗ ਮਾਤਾ-ਪਿਤਾ ਅਤੇ ਵੱਡੇ ਭਰਾ ਸਾਹਿਬ ਦੀ ਪਵਿੱਤਰ ਯਾਦ ਨੂੰ ਸਮਰਪਿਤ ਅੱਖਾਂ ਅਤੇ ਦੰਦਾਂ ਦੀ ਮੁਫ਼ਤ ਜਾਂਚ ਅਤੇ ਅਪਰੇਸ਼ਨ ਕੈਂਪ ਵਿੱਚ ਸ਼ਿਰਕਤ ਕਰਨ ਤੇ ਸਾਡੇ ਸਾਰੇ ਚੇੜਾ ਪਰਿਵਾਰ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦੇ ਹਾਂ; ਤੁਹਾਡੀ ਇਸ ਨੇਕ ਹਾਜ਼ਰੀ ਅਤੇ ਸਹਿਯੋਗ ਨਾਲ ਇਹ ਸੇਵਾ ਸਮਾਗਮ ਵਿਸ਼ੇਸ਼ ਰੂਪ ਵਿੱਚ ਸਫਲ ਹੋਇਆ ਹੈ, ਜਿਸਦੀ ਖੁਸ਼ੀ ਅਤੇ ਕਦਰ ਅਸੀਂ ਸ਼ਬਦਾਂ ਵਿੱਚ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦੇ, ਅਤੇ ਅਸੀਂ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਤੁਸੀਂ ਇਸੇ ਤਰ੍ਹਾਂ ਸਮਾਜ ਸੇਵਾ ਦੇ ਪਵਿੱਤਰ ਕਾਰਜਾਂ ਵਿੱਚ ਸਾਡੇ ਨਾਲ ਜੁੜੇ ਰਹੋਗੇ; ਵਾਹਿਗੁਰੂ ਜੀ ਤੁਹਾਨੂੰ ਸਦਾ ਚੜ੍ਹਦੀ ਕਲਾ, ਤੰਦਰੁਸਤੀ ਅਤੇ ਹੋਰ ਵੱਡੀਆਂ ਸੇਵਾਵਾਂ ਕਰਨ ਦੀ ਤਾਕਤ ਬਖ਼ਸ਼ਣ—ਇੱਕ ਵਾਰ ਫਿਰ ਸਾਰੇ ਚੇੜਾ ਪਰਿਵਾਰ ਵੱਲੋਂ ਦਿਲੋਂ ਕੋਟਿ ਕੋਟਿ ਧੰਨਵਾਦ।

## ਖਾਲਸਾ ਕਾਲਜ ਮਾਹਿਲਪੁਰ ਵਿੱਚ ਲੱਗ ਰਹੇ ਤਿੰਨ ਰੋਜ਼ਾ ਕਲਾ ਉਤਸਵ ਅਤੇ ਪੁਸਤਕ ਮੇਲੇ ਦਾ ਸਮਾਂ ਸਾਰਨੀ ਦਸਤਾਵੇਜ਼ ਰਿਲੀਜ਼ ਕੀਤੇ



**ਹੁਸ਼ਿਆਰਪੁਰ / ਮਾਹਿਲਪੁਰ (ਤਰਸੇਮ ਦੀਵਾਨਾ ) –** ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਇੱਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਬੱਬਰ ਅਕਾਲੀ ਲਹਿਰ ਦੇ ਸੌ ਸਾਲਾਂ ਸ਼ਾਨਾਮੱਤੀ ਇਤਿਹਾਸ ਨੂੰ ਸਮਰਪਿਤ ਤਿੰਨ ਰੋਜ਼ਾ ਕਲਾ ਉਤਸਵ ਅਤੇ ਪੁਸਤਕ ਮੇਲੇ ਦਾ ਆਯੋਜਨ 26 ਫਰਵਰੀ ਤੋਂ 28 ਫਰਵਰੀ ਤੱਕ ਕੀਤਾ ਜਾ ਰਿਹਾ ਹੈ। ਇਸ ਸਬੰਧੀ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਖਜ਼ਾਨਚੀ ਵੀਰਇੰਦਰ ਸ਼ਰਮਾ, ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਸਮਾਰੋਹ ਦੇ ਕਨਵੀਨਰ ਡਾ ਜੇ ਬੀ ਸੇਖੋਂ, ਸਟਾਫ਼ ਸਕੱਤਰ ਡਾ ਆਰਤੀ ਸ਼ਰਮਾ, ਡਾ ਦੇਵ ਕੁਮਾਰ ਸਮੇਤ ਸਮੂਹ ਸਟਾਫ਼ ਮੈਂਬਰਾਨ ਨੇ ਇਸ ਤਿੰਨ ਰੋਜ਼ਾ ਪੁਸਤਕ ਮੇਲੇ ਅਤੇ ਕਲਾ ਉਤਸਵ ਨਾਲ ਸੰਬੰਧਿਤ ਸਮਾਂ-ਸਾਰਨੀ ਦਸਤਾਵੇਜ਼ ਰਿਲੀਜ਼ ਕੀਤੇ। ਇਸ ਮੌਕੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਤਿੰਨ ਰੋਜ਼ਾ ਸਮਾਰੋਹ ਵਿੱਚ ਵੱਖ ਵੱਖ ਭਾਸ਼ਾਵਾਂ ਦੀਆਂ ਪੁਸਤਕਾਂ ਦੀਆਂ ਵਿਕਰੀ ਪ੍ਰਦਰਸ਼ਨੀਆਂ, ਕਲਾਤਮਕ ਤੇ ਵਿਰਾਸਤੀ ਵਸਤੂਆਂ ਦੀ ਪ੍ਰਦਰਸ਼ਨੀ, ਖਾਣ ਪੀਣ ਦੇ ਸਟਾਲ, ਨਾਟਕ ਦੀ ਪੇਸ਼ਕਾਰੀ ਅਤੇ ਸ ੱ ਭਿ ਆ ਚਾ ਰਿ ਕ ਵੰਨਗੀਆਂ ਹਰ ਉਮਰ ਵਰਗ ਦੇ ਸਰੋਤਿਆਂ ਦਾ ਵਿਸ਼ੇਸ਼ ਆਕਰਸ਼ਣ ਹੋਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਭਾਸ਼ਾ ਵਿਭਾਗ, ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਰੋਹ ਦੇ ਵੱਖ-ਵੱਖ ਸੈਸ਼ਨਾਂ ਵਿੱਚ ਵਿਦਵਾਨ ਲੇਖਕਾਂ ਵੱਲੋਂ ਪੈਨਲ ਚਰਚਾ, ਪੁਸਤਕ ਸੰਵਾਦ ਸਮਾਰੋਹ, ਪੁਸਤਕਾਂ ਲੋਕ ਅਰਪਨ,ਕਵੀ ਦਰਬਾਰ ਸਮੇਤ ਹੋਰ ਸਾਹਿਤਕ ਗਤੀਵਿਧੀਆਂ ਸਾਹਿਤ ਪ੍ਰੇਮੀਆਂ ਦੀ ਧਿਆਨ ਦਾ ਕੇਂਦਰ ਹੋਣਗੀਆਂ। ਉਨ੍ਹਾਂ ਦੱਸਿਆ ਕਿ ਇਸ ਸਮਾਰੋਹ ਦੇ ਪਹਿਲੇ ਸੈਸ਼ਨ ਵਿੱਚ ਮੁੱਖ ਵਕਤਾ ਵਜੋਂ ਪ੍ਰਸਿੱਧ ਕਹਾਣੀ ਲੇਖਕ ਵਰਿਆਮ ਸੰਧੂ ਸ਼ਿਰਕਤ ਕਰਨਗੇ ਜਦਕਿ ਇਸ ਸੈਸ਼ਨ ਦੇ ਮੁੱਖ ਮਹਿਮਾਨ ਮਲਵਿੰਦਰ ਸਿੰਘ ਕੰਗ ਮੈਂਬਰ ਲੋਕ ਸਭਾ ਹੋਣਗੇ। ਉਨ੍ਹਾਂ ਕਿਹਾ ਕਿ ਇਸ ਤਿੰਨ ਦਿਨਾਂ ਕਲਾ ਉਤਸਵ ਵਿੱਚ ਵੱਖ ਵੱਖ ਸਿਆਸੀ ਆਗੂ ,ਸਮਾਜਿਕ ਸੱਭਿਆਚਾਰਿਕ ਅਤੇ ਸਿੱਖਿਆ ਖੇਤਰ ਦੀਆਂ ਸ਼ਖ਼ਸੀਅਤਾਂ ਅਤੇ ਸਾਹਿਤ ਖੇਤਰ ਦੀਆਂ ਪ੍ਰਸਿੱਧ ਹਸਤੀਆਂ ਸ਼ਿਰਕਤ ਕਰ ਰਹੀਆਂ ਹਨ। ਕਨਵੀਨਰ ਡਾ ਜੇ ਬੀ ਸੇਖੋਂ ਨੇ ਕਿਹਾ ਕਿ ਮੇਲੇ ਦੇ ਪਹਿਲੇ ਦਿਨ ਸ਼ਾਮ ਦੇ ਸੈਸ਼ਨ ਵਿਚ ਰਾਜਵਿੰਦਰ ਸਮਰਾਲਾ ਵੱਲੋਂ 'ਰਾਹਾਂ ਵਿਚ ਅੰਗਿਆਰ ਬੜੇ ਸੀ' ਨਾਟਕ ਖੇਡਿਆ ਜਾਵੇਗਾ ਅਤੇ ਆਖ਼ਰੀ ਦਿਨ ਕਾਲਜ ਦੇ ਪੁਰਾਣੇ ਵਿਦਿਆਰਥੀ ਗਾਇਕ ਗੁਰਮੰਤਰ ਸਮੇਤ ਗਾਇਕ ਚਰਨ ਵੱਲੋਂ ਸੰਜੀਦਾ ਗਾਇਕੀ ਪੇਸ਼ ਕੀਤੀ ਜਾਵੇਗੀ। ਇਸ ਮੌਕੇ ਡਾ ਬਿਮਲਾ ਜਸਵਾਲ, ਪ੍ਰੋ ਤਜਿੰਦਰ ਸਿੰਘ, ਡਾ ਕੋਮਲ, ਡਾ ਬਲਵੀਰ ਕੌਰ, ਡਾ ਤਾਰਾ ਦੇਵੀ, ਡਾ ਰਾਕੇਸ਼ ਕੁਮਾਰ, ਡਾ ਪ੍ਰਭਜੋਤ ਕੌਰ, ਪ੍ਰੋ ਗੁਰਪ੍ਰੀਤ ਕੌਰ, ਪ੍ਰੋ ਮੀਨਾਕਸ਼ੀ, ਪ੍ਰੋ ਜਸਦੀਪ ਕੌਰ, ਪ੍ਰੋ ਅਸ਼ੋਕ ਕੁਮਾਰ, ਪ੍ਰੋ ਵੀਨਾ, ਪ੍ਰੋ ਮਨਦੀਪ ਕੁਮਾਰ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

## ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਖ਼ੂਨਦਾਨ ਕੈਂਪ ਐਤਵਾਰ 22 ਫਰਵਰੀ ਨੂੰ ਬੀ ਡੀ ਸੀ ਵਿਖੇ ਆਯੋਜਿਤ ਹੋਵੇਗਾ

**ਨਵਾਂਸ਼ਹਿਰ (ਮਨੋਰੰਜਨ ਕਾਲੀਆ)** ਸ੍ਰੀ ਗੁਰੂ ਰਵੀਦਾਸ ਨੌਜਵਾਨ ਸਭਾ ਪਿੰਡ ਕਾਹਮਾ ਵਲੋਂ ਸ੍ਰੀ ਗੁਰੂ ਰਵੀਦਾਸ ਜੀ ਨੂੰ ਸਮਰਪਿਤ ਸਵੈ-ਇਛੁੱਕ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ ਜੋ ਕਿ ਬੀ.ਡੀ.ਸੀ ਵਿਖੇ ਐਤਵਾਰ 22 ਫਰਵਰੀ ਨੂੰ 10 ਵਜੇ ਆਰੰਭ ਕੀਤਾ ਜਾਵੇਗਾ। ਇਸ ਕੈਂਪ ਲਈ ਸਵਰਗਵਾਸੀ ਮਨਮੋਹਨ ਕੌਰ ਦੇ ਹੋਣਹਾਰ ਸਪੁੱਤਰਾਂ ਹਰਪ੍ਰੀਤ ਸਿੰਘ ਤੇ ਮੈਨੇਜਰ ਮਨਮੀਤ ਸਿੰਘ ਅਤੇ ਡਾ ਅਜੇ ਬੱਗਾ ਸਹਿਯੋਗੀ ਹਨ । ਬੀ.ਡੀ.ਸੀ. ਦੇ ਬੀ.ਟੀ.ਓ ਡਾਕਟਰ ਅਜੇ ਬੱਗਾ ਨੇ ਦੱਸਿਆ ਹੈ ਕਿ 18 ਸਾਲ ਤੋਂ 65 ਸਾਲ ਤੱਕ ਦੀ ਉਮਰ ਵਾਲ੍ਹੇ ਉਹ ਤੰਦਰੁਸਤ ਵਿਅਕਤੀ ਜਿਹਨਾਂ ਦਾ ਸਰੀਰਕ ਵਜਨ 45 ਕਿਲੋ ਤੋਂ ਘੱਟ ਨਾ ਹੋਵੇ ਅਤੇ ਕੀਤੇ ਗਏ ਹੋਏ ਖ਼ੂਨਦਾਨ ਨੂੰ ਘੱਟੋ ਘੱਟ ਤਿੰਨ ਮਹੀਨੇ ਹੋ ਗਏ ਹੋਣ, ਡਾਕਟਰੀ ਪ੍ਰਵਾਨਗੀ ਨਾਲ੍ਹ ਖ਼ੂਨਦਾਨ ਕਰ ਸਕਦੇ ਹਨ। ਪ੍ਰਧਾਨ ਐਸ ਕੇ ਸਰੀਨ, ਸਕੱਤਰ ਜੇ ਐਸ ਗਿੱਦਾ, ਵਿੱਤ ਸਕੱਤਰ ਪ੍ਰਵੇਸ਼ ਕੁਮਾਰ ਅਤੇ ਮੋਟੀਵੇਟਰ ਮੁਕੇਸ਼ ਕਾਹਮਾ ਨੇ ਇਲਾਕੇ ਦੇ ਖ਼ੂਨਦਾਨੀਆਂ ਨੂੰ ਹਮੇਸ਼ਾ ਵਾਂਗ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਖ਼ੂਨਦਾਨ ਕੀਤਾ

### ਜਗਤਾਰ ਸਿੰਘ ਬਡਵਾਲ ਨੇ ਜ਼ਿੰਦਗੀ 'ਚ ਪਹਿਲੀ ਵਾਰ ਕੀਤਾ ਖ਼ੂਨਦਾਨ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ ਹੁਸ਼ਿਆਰਪੁਰ ਦੇ ਸਲਾਹਕਾਰ ਜਗਤਾਰ ਸਿੰਘ ਬਡਵਾਲ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਭਾਈ ਘੱਨਈਆ ਜੀ ਚੈਰੀਟੇਬਲ ਬਲੱਡ ਬੈਂਕ ਹੁਸ਼ਿਆਰਪੁਰ ਵਿਖ਼ੇ ਪ੍ਰਧਾਨ ਜਸਦੀਪ ਸਿੰਘ ਪਾਹਵਾ ਅਤੇ ਨੇਤਰਦਾਨ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ ਬਹਾਦਰ ਸਿੰਘ ਸੁਨੇਤ ਦੀ ਪ੍ਰੇਰਨਾ ਸਦਕਾ ਆਪਣਾ ਖ਼ੂਨਦਾਨ ਕੀਤਾ । ਜ਼ਿੰਦਗੀ ਵਿੱਚ ਪਹਿਲੀ ਵਾਰ ਖ਼ੂਨਦਾਨ ਕਰਨ ਵਾਲੇ ਜਗਤਾਰ ਸਿੰਘ ਬਡਵਾਲ ਨੇ ਦੱਸਿਆ ਕਿ ਉਸ ਦੇ ਦਿਲ ਵਿੱਚ ਪਹਿਲਾਂ ਖ਼ੂਨਦਾਨ ਨੂੰ ਲੈ ਕੇ ਬਹੁਤ ਸਾਰੇ ਸ਼ੰਕੇ ਅਤੇ ਗਲਤ ਫਹਿਮੀਆਂ ਭਰੀਆਂ ਹੋਈਆਂ ਸਨ ਜਿਸ ਕਾਰਣ ਉਹ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਅਤੇ ਹੋਰ ਸੰਸਥਾਵਾਂ ਵੱਲੋਂ ਲਗਾਏ ਖ਼ੂਨਦਾਨ ਕੈਂਪਾਂ ਵਿੱਚ ਆਪਣਾ ਖ਼ੂਨਦਾਨ ਕਰਨ ਤੋਂ ਝਿਜਕਦੇ ਰਹੇ ਪਰ ਭਾਈ ਘੱਨਈਆ ਜੀ ਚੈਰੀਟੇਬਲ ਬਲੱਡ ਬੈਂਕ ਹੁਸ਼ਿਆਰਪੁਰ ਦੇ ਪ੍ਰਧਾਨ ਜਸਦੀਪ ਸਿੰਘ ਪਾਹਵਾ ਅਤੇ ਨੇਤਰਦ-ਾਨ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੋ ਬਹਾਦਰ ਸਿੰਘ ਸੁਨੇਤ ਵੱਲੋਂ ਉਸ ਦੇ ਸ਼ੰਕੇ ਅਤੇ ਗਲਤਫ਼ਹਿਮੀਆਂ ਦੂਰ ਕਰਦਿਆਂ ਦੱਸਿਆ ਕਿ ਖ਼ੂਨਦਾਨ ਕਰਨ ਨਾਲ ਖ਼ੂਨਦਾਨੀ ਦੇ ਸਰੀਰ ਨੂੰ ਕਦੇ ਵੀ ਕੋਈ ਸਮੱਸਿਆ ਨਹੀਂ ਆਉਂਦੀ ਸਗੋਂ ਖ਼ੂਨ ਹੋਰ ਬੇਹਤਰ ਢੰਗ ਨਾਲ ਪ੍ਰਵਾਹ ਹੋ ਕੇ ਸਰੀਰ ਦੇ ਸਿਸਟਮ ਨੂੰ ਤੰਦਰੁਸਤ ਰੱਖਣ ਵਿੱਚ ਸਹਾਈ ਹੁੰਦਾ ਹੈ ਇਸ ਦੇ ਨਾਲ ਨਾਲ ਨਾਲ਼ੇ ਪੁੰਨ ਨਾਲ਼ੇ ਫਲੀਆਂ ਦੀ ਕਹਾਵਤ ਨੂੰ ਸਾਰਥਕ ਕਰਦਿਆਂ ਕੀਮਤੀ ਮਨੁੱਖੀ ਜਾਨ ਵੀ ਬਚਾਉਣ ਦਾ ਪੁੰਨ ਮਿਲਦਾ ਹੈ । ਜਿਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਖ਼ੂਨਦਾਨ ਕਰਨ ਦਾ ਸੰਕਲਪ ਲਿਆ ਅਤੇ ਆਪਣੇ ਵਰਗੇ ਹੋਰਨਾਂ ਲੋਕਾਂ ਨੂੰ ਵੀ ਆਪਣੇ ਸ਼ੰਕੇ ਤੇ ਗਲਤਫ਼ਹਿਮੀਆਂ ਦੂਰ ਕਰਕੇ ਖ਼ੂਨਦਾਨ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲੈਣ ਦੀ ਅਪੀਲ ਕੀਤੀ । ਇਸ ਮੌਕੇ ਭਾਈ ਘੱਨਈਆ ਜੀ ਚੈਰੀਟੇਬਲ ਹਸਪਤਾਲ ਦੇ ਇੰਚਾਰਜ ਡਾਕਟਰ ਦਿਲਬਾਗ ਸਿੰਘ ਨੇ ਜਗਤਾਰ ਸਿੰਘ ਬਡਵਾਲ ਨੂੰ ਪ੍ਰਸ਼ੰਸ਼ਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਦੇ ਚੇਅਰਮੈਨ ਸਰਬਜੀਤ ਸਿੰਘ ਬਡਵਾਲ, ਸੇਵਾਦਾਰ ਗੁਰਬਿੰਦਰ ਸਿੰਘ ਪਲਾਹਾ ਅਤੇ ਜਨਰਲ ਸਕੱਤਰ ਪ੍ਰਿੰ ਬਲਵੀਰ ਸਿੰਘ ਸੈਣੀ ਵੀ ਮੌਜੂਦ ਸਨ।

ਫੋਟੋ ਅਜਮੇਰ ਦੀਵਾਨਾ

# ਸਿਹਤ ਵਿਭਾਗ ਵੱਲੋਂ ਮੁਹੱਲਾ ਨੀਲ ਕੰਠ ਵਿਖੇ ਜਾਗਰੂਕਤਾ ਕੈਂਪ ਦਾ ਆਯੋਜਨ

## ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਜਾਣਕਾਰੀ ਦਿੱਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਹਤ ਵਿਭਾਗ ਹੁਸ਼ਿਆਰਪੁਰ ਵੱਲੋਂ ਕਾਰਜਕਾਰੀ ਸਿਵਲ ਸਰਜਨ ਕਮ ਜਿਲਾ ਟੀਕਾਕਰਣ ਅਫ਼ਸਰ ਡਾ. ਸੀਮਾ ਗਰਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰੋਜੈਕਟ ਰੀ-ਪ੍ਰੋਡਕਟਿਵ ਐਂਡ ਚਾਇਲਡ ਹੈਲਥ (RCH) ਅਧੀਨ ਮੁਹੱਲਾ ਨੀਲ ਕੰਠ, ਹੁਸ਼ਿਆਰਪੁਰ ਵਿੱਚ ਇੱਕ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸ਼ੌਸ਼ੜਅ-(N), ਪੰਜਾਬ ਦੇ ਤਹਿਤ ਚਲ ਰਹੀ ਸ਼ਿਵਾਲਿਕ ਹਿਲਜ਼ ਵੈਲਫੇਅਰ ਸੁਸਾਇਟੀ, ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸਦਾ ਮੁੱਖ ਉਦੇਸ਼ ਮਾਂ ਅਤੇ ਬੱਚੇ ਦੀ ਸਿਹਤ ਸੰਬੰਧੀ ਸੂਝ-ਬੂਝ ਵਧਾਉਣਾ ਅਤੇ ਲੋਕਾਂ ਨੂੰ ਸਰਕਾਰੀ ਸਿਹਤ ਸੇਵਾਵਾਂ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਣਜੀਤ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਜੱਸਲ, ਪਰਮਜੀਤ ਕੌਰ ਏ.ਐਨ.ਐਮ., ਗੁਰਵਿੰਦਰ ਕੌਰ ਏ.ਐਨ.ਐਮ., ਸੁਨੀਤਾ ਦੇਵੀ ਆਸ਼ਾ ਵਰਕਰ ਅਤੇ ਨਿਰਮਲਾ ਦੇਵੀ ਆਂਗਨਵਾੜੀ ਵਰਕਰ ਨੇ ਸਰਗਰਮ ਭਾਗੀਦਾਰੀ ਨਿਭਾਈ। ਸ਼ਿਵਾਲਿਕ ਹਿਲਜ਼ ਵੈਲਫੇਅਰ ਸੁਸਾਇਟੀ ਵੱਲੋਂ ਮੁੱਖ ਸਲਾਹਕਾਰ ਸ਼੍ਰੀ ਅਮਰਜੀਤ ਹਮਰੋਲ, ਜੋਤੀ ਪੁਰੀ ਏ.ਐਨ.ਐਮ. ਅਤੇ ਨੀਤੂ ਕੌਰ ਜੀ.ਐਨ.ਐਮ. ਨੇ ਵੀ ਕੈਂਪ ਵਿੱਚ ਹਾਜ਼ਰੀ ਭਰੀ ਅਤੇ ਮਹਿਲਾਵਾਂ ਨੂੰ ਸਿਹਤ ਸਬੰਧੀ ਜਰੂਰੀ ਜਾਣਕਾਰੀ ਦਿੱਤੀ।ਕੈਂਪ ਦੌਰਾਨ ਗਰਭਵਤੀ ਮਹਿਲਾਵਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਬੱਚਿਆਂ ਨੂੰ ਸਿਹਤ ਸੰਬੰਧੀ ਅਨੇਕਾਂ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਗਰੂਕ ਕੀਤਾ ਗਿਆ। ਡਾ. ਰਣਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਂ ਅਤੇ ਬੱਚੇ ਦੀ ਸਿਹਤ ਕਿਸੇ ਵੀ ਸਮਾਜ ਦੀ ਮਜ਼ਬੂਤ ਨੀਂਹ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗਰਭ ਅਵਸਥਾ ਦੌਰਾਨ ਨਿਯਮਤ ਸਿਹਤ ਜਾਂਚ, ਪੂਰਨ ਟੀਕਾਕਰਨ ਅਤੇ ਸੰਤੁਲਿਤ ਪੋਸ਼ਣ ਨਾਲ ਨਾ ਸਿਰਫ ਮਾਂ ਦੀ ਸਿਹਤ ਬਹਾਲ ਰਹਿੰਦੀ ਹੈ, ਸਗੋਂ ਨਵਜਾਤ ਸ਼ਿਸ਼ੂ ਦਾ ਭਵਿੱਖ ਵੀ ਸੁਨਿਹਰਾ ਬਣਦਾ ਹੈ। ਉਨ੍ਹਾਂ ਲੋਕਾਂ ਨੂੰ ਸਰਕਾਰੀ ਸਿਹਤ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਡਿਪਟੀ ਮਾਸ ਮੀਡੀਆ ਅਫਸਰ ਰਵਿੰਦਰ ਜੱਸਲ ਵੱਲੋਂ ਮਾਵਾਂ ਨੂੰ ਜਨਮ ਤੋਂ ਬਾਅਦ ਪਹਿਲੇ ਛੇ ਮਹੀਨੇ ਤੱਕ ਸਿਰਫ ਮਾਂ ਦੇ ਦੁੱਧ ਦੀ ਮਹੱਤਤਾ, ਛੇ ਮਹੀਨੇ ਬਾਅਦ ਬੱਚਿਆਂ ਨੂੰ ਉਮਰ ਅਨੁਸਾਰ ਪੂਰਕ ਅਤੇ ਪੋਸ਼ਣਯੁਕਤ ਖੁਰਾਕ ਦੇਣ, ਬੱਚਿਆਂ ਦੀ ਸਹੀ ਦੇਖਭਾਲ, ਅਨੀਮੀਆ ਤੋਂ ਬਚਾਅ ਲਈ ਆਇਰਨਯੁਕਤ ਪਦਾਰਥਾਂ ਦੀ ਵਰਤੋਂ, ਸੰਤੁਲਿਤ ਆਹਾਰ, ਸਮੇਂ-ਸਿਰ ਟੀਕਾਕਰਨ ਅਤੇ ਸੁਰੱਖਿਅਤ ਸੰਸਥਾਗਤ ਡਿਲੀਵਰੀਆਂ ਦੀ ਅਹਿਮੀਅਤ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਮਹਿਲਾਵਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਮਾਹਿਰਾਂ ਵੱਲੋਂ ਸੰਤੋਸ਼ਜਨਕ ਅਤੇ ਵਿਸਥਾਰਪੂਰਵਕ ਜਵਾਬ ਦਿੱਤੇ ਗਏ। ਉਨ੍ਹਾਂ ਨੂੰ ਨਿਯਮਤ ਸਿਹਤ ਜਾਂਚ ਕਰਵਾਉਣ, ਟੀਕਾਕਰਨ ਕਾਰਡ ਅਪਡੇਟ ਰੱਖਣ ਅਤੇ ਸਰਕਾਰੀ ਹਸਪਤਾਲਾਂ ਵਿੱਚ ਸੁਰੱਖਿਅਤ ਡਿਲੀਵਰੀ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।



# ਭਾਜਪਾ ਯੂਥ ਪ੍ਰਧਾਨ ਡਾ. ਇਸ਼ਾਂਕ ਦੇ ਕੰਮਾਂ ਦਾ ਸਮਰਥਨ ਕਰਕੇ ਆਪ ਵਿੱਚ ਹੋਏ ਸ਼ਾਮਲ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦੇ ਯੂਥ ਬਲਾਕ ਪ੍ਰਧਾਨ ਸੰਦੀਪ ਸਿੰਘ ਆਪਣੇ ਦਰਜਨਾਂ ਸਾਥੀਆਂ ਸਮੇਤ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ 'ਤੇ ਡਾ. ਇਸ਼ਾਂਕ ਨੇ ਇਹਨਾਂ ਨਵੇਂ ਜੁੜੇ ਪਾਰਟੀ ਮੈਂਬਰਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਪੂਰਾ ਸਨਮਾਨ ਦਿੱਤਾ ਜਾਵੇਗਾ। ਡਾ. ਇਸ਼ਾਂਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਨੌਜੁਆਨਾਂ ਨੂੰ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਆ ਹੈ ਅਤੇ ਇਸ ਯੁਵਾ ਟੀਮ ਦੇ ਸਾਡੇ ਨਾਲ ਜੁੜਨ ਨਾਲ ਸਾਡੀ ਇਸ ਸੋਚ ਨੂੰ ਹੋਰ ਬਲ ਮਿਲੇਗਾ। ਸੰਦੀਪ ਸਿੰਘ ਦੇ ਨਾਲ ਮੁੱਖ ਤੌਰ ਤੇ ਦਵਿੰਦਰ ਸਿੰਘ ਅੱਛਰਵਾਲ,ਪ੍ਰੱਭਜੋਤ ਸਿੰਘ ਅੱਛਰਵਾਲ, ਰਤਿਸ਼ ਕੁਮਾਰ ਅੱਛਰਵਾਲ, ਜੋਰਾਵਰ ਸਿੰਘ ਖਾਨਪੁਰ, ਜੁਗੇਸ਼ ਸੰਧੂ ਬਾਹੋਵਾਲ, ਸੋਨੂੰ ਕੋਟਫਤੂਹੀ ਯੂਥ ਬਲਾਕ, ਗੁਰਸ਼ਕਤੀ ਖਾਨਪੁਰ,ਦਮਨ , ਜਸਵੀਰ ਸਿੰਘ ਮਾਹਿਲਪੁਰ ਆਦਿ ਨੇ ਡਾ. ਇਸ਼ਾਂਕ ਦੇ ਹੱਕ ਵਿੱਚ ਆਪ 'ਚ ਸ਼ਮੂਲੀਅਤ ਕੀਤੀ। ਇਸ ਮੌਕੇ 'ਤੇ ਸੰਦੀਪ ਸਿੰਘ ਨੇ ਕਿਹਾ ਕਿ ਉਹ ਆਪਣੇ ਯੁਵਾ ਵਿਧਾਇਕ ਡਾ. ਇਸ਼ਾਂਕ ਦੀ ਕਾਰਜ ਪ੍ਰਣਾਲੀ ਦੇ ਨਾਲ-ਨਾਲ ਉਹਨਾਂ ਦੇ ਬੇਹੱਦ ਸਕਾਰਤਮਕ ਵਿਅਕਤੀਤਵ ਤੋਂ ਵੀ ਬਹੁਤ ਪ੍ਰਭਾਵਿਤ ਹਨ ਅਤੇ ਉਹਨਾ ਨੇ ਵਿਸ਼ਵਾਸ ਜਾਹਿਰ ਕੀਤਾ ਕਿ ਡਾ. ਇਸ਼ਾਂਕ ਕੁਮਾਰ ਅਤੇ ਐਮ.ਪੀ.ਡਾ. ਰਾਜ ਕੁਮਾਰ ਦੀ ਯੋਗ ਅਗਵਾਈ ਵਿੱਚ ਚੱਬੇਵਾਲ ਹਲਕੇ ਦਾ ਵਿਕਾਸ ਨਵੀਆਂ ਉਚਾਈਆਂ ਛੂਹੇਗਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਜਾਡਲਾ ਦਾ ਅਜਲਾਸ 20 ਮਾਰਚ ਨੂੰ :- ਡਾਕਟਰ ਸੋਹਣ ਲਾਲ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਜਾਡਲਾ ਇਕਾਈ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਸੋਹਣ ਲਾਲ ਦੀ ਪ੍ਰਧਾਨਗੀ ਹੇਠ ਮਹਾਂ ਸ਼ਿਵਰਾਤਰੀ ਦੇ ਤਿਉਹਾਰ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਬਲਾਕ ਪ੍ਰਧਾਨ ਡਾਕਟਰ ਸੋਹਣ ਲਾਲ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਦੱਸਿਆ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਨੂੰ ਆਪਣੇ ਕਿੱਤੇ ਨੂੰ ਬਚਾਉਣ ਲਈ ਸੰਘਰਸ਼ ਕਰਦਿਆਂ ਬਹੁਤ ਲੰਮਾ ਸਮਾਂ ਹੋ ਗਿਆ ਹੈ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਹੁਣ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ ਅਤੇ ਸੂਬਾ ਕਮੇਟੀ ਵੱਲੋਂ ਸਰਕਾਰ ਦੇ ਖ਼ਿਲਾਫ਼ ਤਿੱਖਾ ਸੰਘਰਸ਼ ਛੇੜਿਆ ਹੋਇਆ ਹੈ।ਜੋ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਮੈਡੀਕਲ ਪ੍ਰੈਕਟੀਸ਼ਨਰਜ਼ ਦੀਆਂ ਜਾਇਜ਼ ਮੰਗਾਂ ਨਹੀਂ ਮੰਨਦੀ। ਉਨ੍ਹਾਂ ਮੀਟਿੰਗ ਦੌਰਾਨ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਜ਼ਿਲ੍ਹਾ ਕਮੇਟੀ ਦੇ ਫ਼ੈਸਲੇ ਅਨੁਸਾਰ ਜਾਡਲਾ ਬਲਾਕ ਦਾ ਆਮ ਅਜਲਾਸ 20 ਮਾਰਚ ਨੂੰ ਕਰਵਾਇਆ ਜਾਵੇਗਾ ਜਿਸ ਵਿੱਚ ਬਲਾਕ ਦੀ ਨਵੀਂ ਇਕਾਈ ਦੀ ਚੋਣ ਕੀਤੀ ਜਾਵੇਗੀ। ਜ਼ਿਲ੍ਹਾ ਆਗੂ ਡਾਕਟਰ ਜਗੀਰ ਸਿੰਘ ਅਤੇ ਡਾਕਟਰ ਨਿਰਮਲ ਸਿੰਘ ਨੇ ਬਲਾਕ ਦੇ ਸਮੂਹ ਮੈਂਬਰਾਂ ਨੂੰ ਆਮ ਅਜਲਾਸ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਅਤੇ ਆਪਣੇ ਕਿੱਤੇ ਨੂੰ ਬਚਾਉਣ ਲਈ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਸਮੇਂ ਬਲਾਕ ਜਨਰਲ ਸਕੱਤਰ ਡਾਕਟਰ ਰਵਿੰਦਰ ਕੁਮਾਰ ਵਸ਼ਿਸ਼ਟ, ਬਲਾਕ ਕੈਸ਼ੀਅਰ ਡਾਕਟਰ ਪ੍ਰਵੀਨ ਕੁਮਾਰ, ਡਾਕਟਰ ਜਰਨੈਲ ਸਿੰਘ ਅਤੇ ਬਲਾਕ ਦੇ ਸਮੂਹ ਮੈਂਬਰ ਹਾਜ਼ਰ ਸਨ।



# ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ. ਅਮਨਦੀਪ ਵੱਲੋਂ ਵੱਖ ਵੱਖ ਬੈਂਕਾ ਦੇ ਅਧਿਕਾਰੀਆ ਨਾਲ ਕੌਮੀ ਲੋਕ ਅਦਾਲਤ ਸਬੰਧੀ ਕੀਤੀ ਮੀਟਿੰਗ

**ਨਵਾਂਸ਼ਹਿਰ (ਮਨੋਰੰਜਨ ਕਾਲੀਆ)–**ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀਮਤੀ ਪ੍ਰਿਆ ਸੂਦ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ ਅਮਨਦੀਪ ਵੱਲੋ ਮਿਤੀ 21.02.2026 ਨੂੰ ਡਿਪਟੀ ਮੈਨੇਜਰ, ਲੀਡ ਬੈਕਾ ਮੈਨੇਜਰ, ਸ਼ਹੀਦ ਭਗਤ ਸਿੰਘ ਨਗਰ ਅਤੇ ਵੱਖ-ਵੱਖ ਬੈਕਾਂ ਦੇ ਅਧਿਕਾਰੀਆ ਨਾਲ ਜ਼ਿਲ੍ਹੇ ਵਿੱਚ ਮਿਤੀ 14.03.2026 ਨੂੰ ਲੱਗ ਰਹੀ ਕੌਮੀ ਲੋਕ ਅਦਾਲਤ ਸਬੰਧੀ ਮੀਟਿੰਗ ਕੀਤੀ ਗਈ । ਇਸ ਮੀਟਿੰਗ ਦੌਰਾਨ ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ ਅਮਨਦੀਪ ਜੀਆਂ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲੇ ਵਿੱਚ




ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ 14.03.2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ ।

ਇਸ ਦੇ ਸਬੰਧ ਵਿੱਚ ਮੀਟਿੰਗ ਵਿੱਚ ਹਾਜ਼ਰ ਡਿਪਟੀ ਮੈਨੇਜਰ, ਲੀਡ ਬੈਂਕ ਮੈਨੇਜਰ, ਸ.ਭ.ਸ ਨਗਰ ਅਤੇ ਬੈਂਕ ਅਧਿਕਾਰੀਆ ਨੂੰ ਕਿਹਾ ਗਿਆ ਕਿ ਬੈਂਕਾ ਨਾਲ ਲੰਬਿਤ ਕੇਸ ਇਸ ਲੋਕ ਅਦਾਲਤ ਵਿੱਚ ਵੱਧ-ਵੱਧ ਲਗਾਉਣ ਬਾਰੇ ਕਿਹਾ ਗਿਆ ਤਾਂ ਜੋ ਉਨ੍ਹਾਂ ਦਾ ਆਪਸੀ ਸਹਿਮਤੀ ਨਾਲ ਫੌਰਨ ਅਤੇ ਯੋਗ ਨਿਪਟਾਰਾਂ ਕੀਤਾ ਜਾ ਸਕਦਾ ਹੈ ਅਤੇ ਲੋਕ ਅਦਾਲਤ ਬਾਰੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕਤ ਕਰਨ ਬਾਰੇ ਕਿਹਾ ਗਿਆ ।

# ਯੂ.ਕੇ. ਨੇ ਚਾਰ ਯੂਰਪੀ ਦੇਸ਼ਾਂ ਨਾਲ ਡਰੋਨ ਰੱਖਿਆ ਯੋਜਨਾ ‘ਤੇ ਕੀਤੀ ਸਹਿਮਤੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਨੇ ਯੂਰਪ ਦੀਆਂ ਮੁੱਖ ਫੌਜੀ ਤਾਕਤਾਂ ਨਾਲ ਮਿਲ ਕੇ ਨਵੀਂ ਡਰੋਨ ਰੱਖਿਆ ਪ੍ਰਣਾਲੀ ਤਿਆਰ ਕਰਨ ਲਈ ਇਕ ਮਹੱਤਵਪੂਰਨ ਯੋਜਨਾ ‘ਤੇ ਸਹਿਮਤੀ ਜਤਾਈ ਹੈ। ਇਸ ਯੋਜਨਾ ਤਹਿਤ ਯੂਨਾਈਟਿਡ ਕਿੰਗਡਮ ਜਰਮਨੀ, ਫਰਾਂਸ, ਇਟਲੀ ਅਤੇ ਪੋਲੈਂਡ ਦੇ ਨਾਲ ਮਿਲ ਕੇ ਆਧੁਨਿਕ ਹਵਾਈ ਰੱਖਿਆ ਹਥਿਆਰਾਂ ਅਤੇ ਆਟੋਮੈਟਿਕ ਡਰੋਨ ਤਕਨੀਕ ਦੇ ਵਿਕਾਸ ‘ਤੇ ਕੰਮ ਕਰੇਗਾ।

ਬ੍ਰਿਟਿਸ਼ ਸਰਕਾਰ ਦੇ ਰੱਖਿਆ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਸਾਂਝੇ ਪ੍ਰਾਜੈਕਟ ਦਾ ਮਕਸਦ ਘੱਟ ਲਾਗਤ ਵਾਲੇ ਮਿਸਾਈਲ ਸਿਸਟਮ ਅਤੇ ਅਜਿਹੇ ਡਰੋਨ ਤਿਆਰ ਕਰਨੇ ਹਨ ਜੋ ਦੁਸ਼ਮਣੀ ਹਮਲਿਆਂ ਦਾ ਤੁਰੰਤ ਜਵਾਬ ਦੇ ਸਕਣ। ਮੌਜੂਦਾ ਸਮੇਂ ਵਿੱਚ ਡਰੋਨ ਯੁੱਧ ਤਕਨੀਕ ਨੂੰ ਵਿਸ਼ਵ ਭਰ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਮੰਨਿਆ ਜਾ ਰਿਹਾ ਹੈ, ਜਿਸ ਕਾਰਨ ਯੂਰਪੀ ਦੇਸ਼ ਆਪਣੀ ਸੁਰੱਖਿਆ ਮਜ਼ਬੂਤ ਕਰਨ ਲਈ ਇਕੱਠੇ ਹੋ ਰਹੇ ਹਨ।

ਸੂਤਰਾਂ ਅਨੁਸਾਰ ਇਸ ਯੋਜਨਾ ਦੇ ਤਹਿਤ ਯੂ.ਕੇ., ਜਰਮਨੀ, ਫਰਾਂਸ, ਇਟਲੀ ਅਤੇ ਪੋਲੈਂਡ ਦੀਆਂ ਰੱਖਿਆ ਉਤਪਾਦਨ ਕੰਪਨੀਆਂ ਨੂੰ ਨਵੇਂ ਡਿਜ਼ਾਇਨ ਅਤੇ ਤਕਨੀਕੀ ਪ੍ਰਸਤਾਵ ਪੇਸ਼ ਕਰਨ ਲਈ ਸੱਦਾ ਦਿੱਤਾ ਜਾਵੇਗਾ। ਯੋਜਨਾ ਦਾ ਮੁੱਖ ਧਿਆਨ ਅਜਿਹੀ ਤਕਨੀਕ ਵਿਕਸਤ ਕਰਨ ‘ਤੇ ਰਹੇਗਾ ਜੋ ਜੰਗੀ ਹਾਲਾਤਾਂ ਦੌਰਾਨ ਤੇਜ਼ੀ ਨਾਲ ਤਿਆਰ ਕੀਤੀ ਜਾ ਸਕੇ ਅਤੇ ਘੱਟ ਸਮੇਂ ਵਿੱਚ ਮੈਦਾਨ ‘ਚ ਵਰਤੀ ਜਾ ਸਕੇ। ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਹਾਲੀਆ ਸੰਘਰਸ਼ਾਂ ਨੇ ਸਾਬਤ ਕੀਤਾ ਹੈ ਕਿ ਛੋਟੇ ਅਤੇ ਸਸਤੇ ਡਰੋਨ ਵੀ ਵੱਡੇ ਫੌਜੀ ਢਾਂਚਿਆਂ ਲਈ ਵੱਡਾ ਖ਼ਤਰਾ ਬਣ ਸਕਦੇ ਹਨ। ਇਸੇ ਕਾਰਨ ਯੂਰਪ ਹੁਣ ਮਹਿੰਗੇ ਪਰੰਪਰਾਗਤ ਹਥਿਆਰਾਂ ਦੇ ਨਾਲ-ਨਾਲ ਸਮਾਰਟ ਅਤੇ ਸਸਤੀ ਰੱਖਿਆ ਤਕਨੀਕ ਵੱਲ ਵਧ ਰਿਹਾ ਹੈ।

ਇਹ ਸਮਝੌਤਾ ਬ੍ਰੈਕਜ਼ਿਟ ਤੋਂ ਬਾਅਦ ਵੀ ਬ੍ਰਿਟੇਨ ਅਤੇ ਯੂਰਪੀ ਦੇਸ਼ਾਂ ਵਿਚਕਾਰ ਸੁਰੱਖਿਆ ਅਤੇ ਫੌਜੀ ਸਹਿਯੋਗ ਦੇ ਮਜ਼ਬੂਤ ਹੋ ਰਹੇ ਰਿਸ਼ਤਿਆਂ ਦੀ ਨਿਸ਼ਾਨੀ ਵਜੋਂ ਵੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ ਡਰੋਨ ਅਤੇ ਹਵਾਈ ਰੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਾਂਝਾ ਨਿਵੇਸ਼ ਯੂਰਪ ਦੀ ਭਵਿੱਖੀ ਸੁਰੱਖਿਆ ਰਣਨੀਤੀ ਦਾ ਅਹਿਮ ਹਿੱਸਾ ਬਣੇਗਾ।

ਫੌਜੀ ਵਿਸ਼ਲੇਸ਼ਕਾਂ ਨੇ ਇਹ ਵੀ ਦੱਸਿਆ ਕਿ ਨਵੀਂ ਯੋਜਨਾ ਰਾਹੀਂ ਯੂਰਪੀ ਦੇਸ਼ ਇਕ ਦੂਜੇ ਨਾਲ ਤਕਨੀਕੀ ਜਾਣਕਾਰੀ ਸਾਂਝੀ ਕਰਨਗੇ, ਜਿਸ ਨਾਲ ਸੰਭਾਵਿਤ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਤਿਆਰੀ ਯਕੀਨੀ ਬਣਾਈ ਜਾ ਸਕੇਗੀ।

# ਅੰਤਰਰਾਸ਼ਟਰੀ ਮਾਂ – ਬੋਲੀ ਦਿਵਸ ਸੰਬੰਧੀ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ



**ਸ੍ਰੀ ਅਨੰਦਪੁਰ ਸਾਹਿਬ ( ਧਰਮਾਣੀ )** ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਵਿੱਚ ਅੰਤਰਰਾਸ਼ਟਰੀ ਮਾਂ - ਬੋਲੀ ਦਿਵਸ ਦੇ ਸੰਬੰਧ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਜਿਵੇਂ ਪੇਂਟਿੰਗ , ਬਾਲ - ਕਵਿਤਾਵਾਂ , ਬਾਲ - ਕਹਾਣੀਆਂ ਆਦਿ ਕਰਵਾਈਆਂ ਗਈਆਂ। ਇਸ ਸੰਬੰਧ ਵਿੱਚ ਸਕੂਲ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਮਾਤ - ਭਾਸ਼ਾ ਪੰਜਾਬੀ ਦੀ ਮਹੱਤਤਾ ਅਤੇ ਇਸਦੀ ਮਹਾਨਤਾ ਅਤੇ ਮਿੱਠੀ ਤੇ ਨਿੱਘੀ ਬੋਲੀ ਪੰਜਾਬੀ ਬਾਰੇ ਵਿਸਥਾਰਪੂਰਵਕ ਸਮਝਾਇਆ ਗਿਆ ਤੇ ਘਰ - ਪਰਿਵਾਰ ਤੇ ਸਮਾਜ ਵਿੱਚ ਮਾਂ - ਬੋਲੀ ਪੰਜਾਬੀ ਨੂੰ ਪਹਿਲ ਦੇ ਅਧਾਰ 'ਤੇ ਸਤਿਕਾਰ ਦੇਣ ਅਤੇ ਵਰਤੋਂ ਵਿੱਚ ਲਿਆਉਣ ਲਈ ਦੱਸਿਆ ਗਿਆ। ਇਸ ਮੌਕੇ ਸਕੂਲ ਮੁਖੀ ਮੈਡਮ ਅਮਨਪ੍ਰੀਤ ਕੌਰ , ਮਾਸਟਰ ਸੰਜੀਵ ਧਰਮਾਣੀ , ਮਾਸਟਰ ਸ਼ਾਮ ਲਾਲ , ਮਾਸਟਰ ਅਮਨਦੀਪ ਸਿੰਘ ਅਤੇ ਵਿਦਿਆਰਥੀ ਦੇ ਮਾਤਾ - ਪਿਤਾ ਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਹਿਮਾਚਲ ਸਰਕਾਰ ਵੱਲੋਂ ਐਂਟਰੀ ਟੈਕਸ ਵਧਾਉਣ ਦੇ ਫੈਸਲੇ ਦਾ ਭਾਜਪਾ ਵੱਲੋਂ ਤਿੱਖਾ ਵਿਰੋਧ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਹਿਮਾਚਲ ਪ੍ਰਦੇਸ਼ ਸਰਕਾਰ ਵਲੋਂ ਬਾਹਰਲੇ ਰਾਜਾਂ ਦੀਆਂ ਗੱਡੀਆਂ 'ਤੇ ਐਂਟਰੀ ਟੈਕਸ 70 ਰੁਪਏ ਤੋਂ ਵਧਾ ਕੇ 170 ਰੁਪਏ ਕਰਨ ਦੇ ਫੈਸਲੇ ਖ਼ਿਲਾਫ਼ ਭਾਜਪਾ ਆਗੂਆਂ ਵਲੋਂ ਹਿਮਾਚਲ ਸਰਕਾਰ ਦੀ ਆਲੋਚਨਾ ਕੀਤਾ ਜਾ ਰਹੀ ਹੈ। ਭਾਜਪਾ ਦੇ ਦੇ ਸੀਨੀਅਰ ਆਗੂ ਅਤੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਨੇ ਜਾਰੀ ਬਿਆਨ ਵਿੱਚ ਕਿਹਾ ਕਿ 1 ਅਪ੍ਰੈਲ ਤੋਂ ਲਾਗੂ ਹੋਣ ਵਾਲਾ ਇਹ ਵਾਧਾ ਆਮ ਜਨਤਾ ਦੀ ਜੇਬ 'ਤੇ ਵਾਧੂ ਬੋਝ ਪਾਏਗਾ। ਉਨ੍ਹਾਂ ਕਿਹਾ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਲੋਕ ਪਹਿਲਾਂ ਹੀ ਆਰਥਿਕ ਦਬਾਅ ਹੇਠ ਹਨ। ਪੰਜਾਬ ਸਮੇਤ ਬਾਕੀ ਰਾਜਾਂ ਤੋਂ ਰੋਜ਼ਾਨਾ ਹਜ਼ਾਰਾਂ ਵਾਹਨ ਹਿਮਾਚਲ ਜਾਂਦੇ ਹਨ, ਜਿਸ



ਕਾਰਨ ਇਹ ਫੈਸਲਾ ਵਪਾਰ, ਸੈਰ-ਸਪਾਟੇ ਅਤੇ ਆਮ ਆਵਾਜਾਈ ‘ਤੇ ਨਕਾਰ-ਾਤਮਕ ਅਸਰ ਪਾਏਗਾ। ਐਡਵੋਕੇਟ ਲੱਕੀ ਨੇ ਦੋਸ਼ ਲਗਾਇਆ ਕਿ ਹਿਮਾਚਲ ਦੀ ਕਾਂਗਰਸ ਸਰਕਾਰ ਖ਼ਜ਼ਾਨਾ ਭਰਨ ਲਈ ਲੋਕਾਂ 'ਤੇ ਵਾਧੂ ਭਾਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਐਂਟਰੀ ਟੈਕਸ ਵਿੱਚ ਇਸ ਵਾਧੇ ਨਾਲ ਛੋਟੇ ਵਪਾਰੀ, ਟਰਾਂਸਪੋਰਟਰ ਅਤੇ ਸੈਲਾਨੀ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ।ਐਡਵੋਕੇਟ ਲੱਕੀ ਨੇ ਕਿਹਾ ਕਿ ਨੈਸ਼ਨਲ ਹਾਈਵੇ ਕੇਂਦਰ ਦੇ ਅਧੀਨ ਹੁੰਦੇ ਹਨ ਅਤੇ ਉਨ੍ਹਾਂ 'ਤੇ ਰਾਜ ਸਰਕਾਰ ਵਲੋਂ ਵੱਖਰੇ ਰੂਪ ਵਿੱਚ ਟੋਲ ਜਾਂ ਐਂਟਰੀ ਟੈਕਸ ਲਗਾਉਣਾ ਨਿਯਮਾਂ ਦੇ ਉਲਟ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਭਾਜਪਾ ਲੋਕ ਹਿੱਤ ਵਿੱਚ ਸੰਘਰਸ਼ ਕਰੇਗੀ।

# ਟੁੱਟ ਰਹੇ ਪਰਿਵਾਰ ਅਤੇ ਕਮਜ਼ੋਰ ਹੁੰਦੇ ਰਿਸ਼ਤੇ

ਭਾਰਤੀ ਸਮਾਜ ਵਿੱਚ ਪਰਿਵਾਰ ਨੂੰ ਹਮੇਸ਼ਾ ਇੱਕ ਮਜ਼ਬੂਤ ਬੁਨਿਆਦ ਵਜੋਂ ਵੇਖਿਆ ਜਾਂਦਾ ਹੈ, ਜਿੱਥੇ ਰਿਸ਼ਤੇ ਅਤੇ ਪਰੰਪਰਾਵਾਂ ਨੇ ਸਦੀਆਂ ਤੋਂ ਇੱਕ ਦੂਜੇ ਨੂੰ ਸੰਭਾਲ ਕੇ ਰੱਖਿਆ ਹੈ। ਪਰ ਅੱਜ ਦੇ ਸਮੇਂ ਵਿੱਚ, ਇਹ ਬੁਨਿਆਦ ਹਿੱਲ ਰਹੀ ਹੈ। ਤਲਾਕ ਦੀ ਦਰ ਵਧ ਰਹੀ ਹੈ, ਪਰਿਵਾਰ ਟੁੱਟ ਰਹੇ ਹਨ ਅਤੇ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਇਸ ਦੇ ਪਿੱਛੇ ਕਈ ਕਾਰਨ ਹਨ ਜਿਵੇਂ ਨਸ਼ੇ ਦੀ ਵਧਦੀ ਸਮੱਸਿਆ, ਆਧੁਨਿਕਤਾ ਅਤੇ ਪੱਛਮੀ ਪ੍ਰਭਾਵ, ਸੋਸ਼ਲ ਮੀਡੀਆ ਦੀ ਭੂਮਿਕਾ, ਫਿਲਮ ਕਲਚਰ ਦਾ ਅਸਰ ਅਤੇ ਹੋਰ ਸਮਾਜਿਕ-ਆਰਥਿਕ ਤਬਦੀਲੀਆਂ। ਇਸ ਲੇਖ ਇਨ੍ਹਾਂ ਕਾਰਨਾਂ ਨੂੰ ਵਿਸਥਾਰ ਨਾਲ ਵਿਚਾਰਣ ਦੀ ਕੋਸ਼ਿਸ਼ ਰਹੇਗੀ ਅਤੇ ਇਸ ਨਾਲ ਪੈਦਾ ਹੋ ਰਹੀਆਂ ਚੁਣੌਤੀਆਂ ਬਾਰੇ ਚਰਚਾ ਕਰਾਂਗੇ ।

ਵਧ ਰਹੇ ਤਲਾਕ ਅਤੇ ਉਨ੍ਹਾਂ ਦੀਆਂ ਅੰਕੜੇ ਵਾਲੀ ਹਕੀਕਤ

ਭਾਰਤ ਵਿੱਚ ਤਲਾਕ ਦੀ ਦਰ ਭਾਵੇਂ ਵਿਸ਼ਵ ਪੱਧਰ ਤੋਂ ਨੀਵੀਂ ਹੈ (ਲਗਭਗ 0.01 ਪ੍ਰਤੀ 1000 ਲੋਕ) ਪਰ ਪਿਛਲੇ ਦਹਾਕਿਆਂ ਵਿੱਚ ਇਸ ਵਿੱਚ ਤੇਜ਼ ਵਾਧਾ ਹੋਇਆ ਹੈ। ਸ਼ਹਿਰੀ ਖੇਤਰਾਂ ਵਿੱਚ ਤਲਾਕ ਦੀ ਦਰ 2015 ਵਿੱਚ 1.2% ਤੋਂ ਵਧ ਕੇ 2025 ਵਿੱਚ 1.8% ਹੋ ਗਈ ਹੈ, ਜੋ 50% ਵਾਧਾ ਦਰਸਾਉਂਦੀ ਹੈ। ਮੁੰਬਈ ਵਰਗੇ ਮਹਾਂਨਗਰਾਂ ਵਿੱਚ ਤਲਾਕ ਦੀ ਦਰ 18.7% ਹੈ, ਜਦਕਿ ਕਰਨਾਟਕ, ਉੱਤਰ ਪ੍ਰਦੇਸ਼ ਅਤੇ ਦਿੱਲੀ ਵਿੱਚ ਵੀ ਇਹ ਵਧ ਰਹੀ ਹੈ। ਕੇਰਲ ਵਰਗੇ ਸੂਬੇ, ਜਿੱਥੇ ਸਮਾਜਿਕ ਵਿਕਾਸ ਉੱਚਾ ਹੈ, ਨੂੰ 'ਤਲਾਕ ਦੀ ਰਾਜਧਾਨੀ' ਵਜੋਂ ਵੇਖਿਆ ਜਾਂਦਾ ਹੈ, ਜਿੱਥੇ ਰੋਜ਼ਾਨਾ ਔਸਤਨ 75 ਤਲਾਕ ਦੀਆਂ ਅਰਜ਼ੀਆਂ ਦਾਖਲ ਹੁੰਦੀਆਂ ਹਨ। ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਤਲਾਕ ਨੂੰ ਹੁਣ ਸਮਾਜ ਵਿੱਚ ਪਹਿਲਾਂ ਵਾਂਗ ਬਦਨਾਮ ਨਹੀਂ ਸਮਝਿਆ ਜਾਂਦਾ, ਅਤੇ ਇਹ ਪਰਿਵਾਰਾਂ ਦੇ ਟੁੱਟਣ ਦਾ ਮੁੱਖ ਕਾਰਨ ਬਣ ਰਿਹਾ ਹੈ।

ਮੁੱਖ ਕਾਰਨਾਂ ਵਿੱਚ ਔਰਤਾਂ ਦੀ ਆਰਥਿਕ ਆਜ਼ਾਦੀ, ਸਮਾਜਿਕ ਨਿਯਮਾਂ ਵਿੱਚ ਤਬਦੀਲੀ ਅਤੇ ਕਾਨੂੰਨੀ ਸੁਧਾਰ ਸ਼ਾਮਲ ਹਨ। ਔਰਤਾਂ ਹੁਣ ਵਧੇਰੇ ਪੜ੍ਹੀਆਂ-ਲਿਖੀਆਂ ਅਤੇ ਨੌਕਰੀਆਂ ਵਾਲੀਆਂ ਹਨ, ਜਿਸ ਨਾਲ ਉਹ ਅਸੰਤੋਸ਼ਜਨਕ ਵਿਆਹਾਂ ਤੋਂ ਬਾਹਰ ਨਿਕਲਣ ਨੂੰ ਤਰਜੀਹ ਦਿੰਦੀਆਂ ਹਨ। ਇਸ ਤੋਂ ਇਲਾਵਾ, ਭਾਵਨਾਤਮਕ ਅਲਗਾਵ ਅਤੇ ਵਿਸ਼ਵਾਸਘਾਤ ਵਰਗੇ ਮਾਮਲੇ ਵੀ ਵਧ ਰਹੇ ਹਨ। ਇਹ ਸਭ ਤੱਥ ਪਰਿਵਾਰਾਂ ਨੂੰ ਟੁੱਟਣ ਵੱਲ ਧੱਕ ਰਹੇ ਹਨ, ਜਿਸ ਨਾਲ ਬੱਚੇ ਅਤੇ ਬਜ਼ੁਰਗ ਪ੍ਰਭਾਵਿਤ ਹੋ ਰਹੇ ਹਨ।

ਆਧੁਨਿਕਤਾ ਅਤੇ ਪੱਛਮੀ ਪ੍ਰਭਾਵ ਅਤੇ ਪਰਿਵਾਰਾਂ ਨੂੰ ਕਮਜ਼ੋਰ ਕਰਨ ਵਾਲਾ ਕਾਰਨ

ਆਧੁਨਿਕਤਾ ਅਤੇ ਗਲੋਬਲਾਈਜ਼ੇਸ਼ਨ ਨੇ ਭਾਰਤੀ ਪਰਿਵਾਰਾਂ ਵਿੱਚ ਡੂੰਘੀਆਂ ਤਬਦੀਲੀਆਂ ਲਿਆਂਦੀਆਂ ਹਨ। ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਨਾਲ ਵਿਅਕਤੀਵਾਦ ਵਧ ਰਿਹਾ ਹੈ, ਜਿਸ ਨਾਲ ਸੰਯੁਕਤ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰ ਲੈ ਰਹੇ ਹਨ। ਸ਼ਹਿਰੀਕਰਨ ਅਤੇ ਨੌਕਰੀਆਂ ਦੇ ਕਾਰਨ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਜਾ ਰਹੇ ਹਨ, ਜਿਸ ਨਾਲ ਪਰੰਪਰਾਗਤ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਪੱਛਮੀ ਕਦਰਾਂ ਕੀਮਤਾਂ ਜਿਵੇਂ ਵਿਅਕਤੀਗਤ ਆਜ਼ਾਦੀ ਅਤੇ ਆਤਮ ਨਿਰਭਰਤਾ ਨੌਜਵਾਨਾਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਦੂਰ ਕਰ ਰਹੇ ਹਨ, ਜਿਸ ਨਾਲ ਤਲਾਕ ਦੀ ਦਰ ਵਧ ਰਹੀ ਹੈ। ਗਲੋਬਲਾਈਜ਼ੇਸ਼ਨ ਨੇ ਭਾਰਤੀ ਪਰਿਵਾਰਾਂ ਨੂੰ ਪੱਛਮੀ ਸੱਭਿਆਚਾਰ ਨਾਲ ਜੋੜਿਆ ਹੈ, ਜਿਸ ਨਾਲ ਰਵਾਇਤੀ ਅਤੇ ਆਧੁਨਿਕ ਸੋਚ ਵਿਚਲਾ ਪਾੜਾ ਵਧ ਰਿਹਾ ਹੈ। ਇਹੀ ਫਰਕ ਅਕਸਰ ਤਣਾਅ ਪੈਦਾ ਕਰਦਾ ਹੈ, ਨੌਜਵਾਨ ਪੀੜ੍ਹੀ ਪਰੰਪਰਾਗਤ ਨਿਯਮਾਂ ਨੂੰ ਚੁਣੌਤੀ ਦਿੰਦੀ ਹੈ। ਲਾਈਵ-ਇਨ ਰਿਲੇਸ਼ਨਸ਼ਿਪ ਅਤੇ ਦੇਰੀ ਨਾਲ ਵਿਆਹ ਵਰਗੇ ਰੁਝਾਨ ਵਧ ਰਹੇ ਹਨ, ਜੋ ਪਰਿਵਾਰਕ ਬੰਧਨਾਂ ਨੂੰ ਕਮਜ਼ੋਰ ਕਰ ਰਹੇ ਹਨ। ਇਸ ਨਾਲ ਅੰਤਰ-ਪੀੜ੍ਹੀ ਸੰਬੰਧ ਟੁੱਟ ਰਹੇ ਹਨ ਅਤੇ ਬਜ਼ੁਰਗ ਮਾਪੇ ਅਲੱਗ-ਥਲੱਗ ਮਹਿਸੂਸ ਕਰ ਰਹੇ ਹਨ। ਆਧੁਨਿਕਤਾ ਨੇ ਔਰਤਾਂ ਨੂੰ ਆਜ਼ਾਦੀ ਦਿੱਤੀ ਹੈ, ਇਹ ਵੀ ਪਰਿਵਾਰਕ ਏਕਤਾ ਨੂੰ ਚੁਣੌਤੀ ਦੇ ਰਹੀ ਹੈ।

ਸੋਸ਼ਲ ਮੀਡੀਆ ਦਾ ਪ੍ਰਭਾਵ ਵੀ ਰਿਸ਼ਤਿਆਂ ਵਿੱਚ ਵੰਡ ਪਾਉਣ ਵਾਲਾ ਸਾਧਨ ਹੀ ਸਿੱਧ ਹੋ ਰਿਹਾ ਹੈ। ਸੋਸ਼ਲ ਮੀਡੀਆ ਨੇ ਭਾਰਤੀ ਪਰਿਵਾਰਾਂ ਵਿੱਚ ਰਹਿਣ ਸਹਿਣ ਨੂੰ ਬਦਲ ਦਿੱਤਾ ਹੈ, ਇਹ ਅਕਸਰ ਨਕਾਰਾਤਮਕ ਅਸਰ ਪਾਉਂਦਾ ਹੈ। ਫੇਸਬੁੱਕ, ਇੰਸਟਾਗ੍ਰਾਮ ਅਤੇ ਵਟਸਐਪ ਵਰਗੇ ਪਲੇਟਫਾਰਮ ਪਰਿਵਾਰਕ ਸੰਬੰਧਾਂ ਵਿੱਚ ਤਬਦੀਲੀ ਲਿਆ ਰਹੇ ਹਨ। ਅਧਿਐਨਾਂ ਅਨੁਸਾਰ, ਵਧੇਰੇ ਸਕ੍ਰੀਨ ਟਾਈਮ ਅਤੇ ਸੋਸ਼ਲ ਮੀਡੀਆ ਐਡਿਕਸ਼ਨ ਪੈਰੇਂਟਿੰਗ ਸਟਾਈਲ ਨੂੰ ਬਦਲ ਰਹੇ ਹਨ ਅਤੇ ਮਾਪੇ-ਬੱਚੇ ਸੰਬੰਧਾਂ ਵਿੱਚ ਤਣਾਅ ਵਧਾ ਰਹੇ ਹੈ। ਇਹ ਪਲੇਟਫਾਰਮ ਪਰਿਵਾਰਕ ਸੰਚਾਰ ਨੂੰ ਘਟਾ ਰਹੇ ਹਨ ਅਤੇ ਵਿਅਕਤੀਆਂ ਨੂੰ ਵਰਚੁਅਲ ਦੁਨੀਆ ਵਿੱਚ ਖਿੱਚ ਰਹੇ ਹਨ।

ਸ਼ਹਿਰੀ ਨੌਜਵਾਨਾਂ ਵਿੱਚ ਸੋਸ਼ਲ ਮੀਡੀਆ ਪਰਿਵਾਰਕ ਰਿਸ਼ਤਿਆਂ ਨੂੰ ਪ੍ਰਭਾਵਿਤ ਕਰ ਰਹੀ ਹੈ, ਜਿੱਥੇ ਇਹ ਸਕਾਰ-ਾਤਮਕ ਅਤੇ ਨਕਾਰਾਤਮਕ ਦੋਹਾਂ ਅਸਰ ਪਾਉਂਦੀ ਹੈ। ਬੇਸ਼ਕ ਮੋਬਾਈਲ ਕਮਿਊਨੀਕੇਸ਼ਨ ਨੇ ਪਰਿਵਾਰਕ ਨਿਗਰਾਨੀ ਵਧਾਈ ਹੈ, ਪਰ ਵਧੇਰੇ ਵਰਤੋਂ ਨਾਲ ਆਮਨੇ-ਸਾਮਣੇ ਗੱਲਬਾਤ ਘਟ ਰਹੀ ਹੈ। ਇਹ ਰਿਸ਼ਤਿਆਂ ਵਿੱਚ ਅਲਗਾਵ ਪੈਦਾ ਕਰ ਰਿਹਾ ਹੈ ਅਤੇ ਤਲਾਕ ਵਰਗੀਆਂ ਸਮੱਸਿਆਵਾਂ ਨੂੰ ਵੀ ਵਧਾ ਰਿਹਾ ਹੈ।

ਇੱਕ ਪਾਸੇ ਜਿੱਥੇ ਨੌਜਵਾਨਾਂ ਵਿੱਚ ਸੋਸ਼ਲ ਮੀਡੀਆ ਐਡਿਕਸ਼ਨ ਬੱਚੇ-ਮਾਪੇ ਸੰਬੰਧਾਂ ਨੂੰ ਕਮਜ਼ੋਰ ਕਰ ਰਹੀ ਹੈ ਓਥੇ ਮਾਨਸਿਕ ਸਿਹਤ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ।

ਬਾਲੀਵੁੱਡ ਨੇ ਭਾਰਤੀ ਵਿਆਹ ਅਤੇ ਪਰਿਵਾਰਾਂ ਨੂੰ ਡੂੰਘੇ ਤੌਰ ਤੇ ਪ੍ਰਭਾਵਿਤ ਕੀਤਾ ਹੈ। ਫਿਲਮਾਂ ਵਿੱਚ ਵਿਆਹ ਨੂੰ ਸ਼ਾਨਦਾਰ ਅਤੇ ਰੋਮਾਂਟਿਕ ਤੱਥ ਵਜੋਂ ਦਿਖਾਇਆ ਜਾਂਦਾ ਹੈ, ਜੋ ਅਸਲ ਜੀਵਨ ਵਿੱਚ ਉਮੀਦਾਂ ਵਧਾਉਂਦਾ ਹੈ।ਕੁੱਝ ਫਿਲਮਾਂ ਜਿਵੇਂ 'ਹਮ ਆਪਕੇ ਹੈਂ ਕੌਨ' ਨੇ ਵਿਆਹਕ ਰੀਤੀਆਂ ਨੂੰ ਪ੍ਰਸਿੱਧ ਕੀਤਾ ਹੈ, ਇਹ ਅਕਸਰ ਰਵਾਇਤੀ ਮੁੱਲਾਂ ਨੂੰ ਮਜ਼ਬੂਤ ਕਰਦੀਆਂ । ਪਰ ਆਧੁਨਿਕ ਫਿਲਮਾਂ ਵਿੱਚ ਲਵ ਮੈਰਿਜ ਅਤੇ ਵਿਅਕਤੀਵਾਦ ਨੂੰ ਵਧਾਉਣ ਨਾਲ ਰਵਾਇਤੀ ਵਿਆਹ ਨੂੰ ਚੁਣੌਤੀ ਮਿਲ ਰਹੀ ਹੈ।

ਬਾਲੀਵੁੱਡ ਨੇ ਵਿਆਹਕ ਰੁਝਾਨਾਂ ਨੂੰ ਬਦਲਿਆ ਹੈ, ਜਿਵੇਂ ਕਿ ਮਹਿੰਦੀ ਅਤੇ ਸੰਗੀਤ ਨੂੰ ਪ੍ਰਸਿੱਧ ਕਰਨਾ। ਪਰ ਇਹ ਫਿਲਮਾਂ ਅਕਸਰ ਔਰਤਾਂ ਨੂੰ ਗੁਲਾਮ ਵਜੋਂ ਦਿਖਾਉਂਦੀਆਂ ਹਨ, ਜੋ ਸਮਾਜ ਵਿੱਚ ਪਿਤਰਸੱਤਾ ਨੂੰ ਮਜ਼ਬੂਤ ਕਰਦੀਆਂ ਹਨ। ਇਸ ਨਾਲ ਅਸਲ ਜੀਵਨ ਵਿੱਚ ਉਮੀਦਾਂ ਅਤੇ ਹਕੀਕਤਾਂ ਵਿੱਚ ਫਰਕ ਪੈਦਾ ਹੁੰਦਾ ਹੈ, ਜੋ ਰਿਸ਼ਤਿਆਂ ਨੂੰ ਕਮਜ਼ੋਰ ਕਰਦਾ ਹੈ। ਫਿਲਮਾਂ ਵਿੱਚ ਰੋਮਾਂਟਿਕ ਲਵ ਨੂੰ ਵਧਾਉਣ ਨਾਲ ਅਰੇਂਜ ਮੈਰਿਜ ਨੂੰ ਰੱਦ ਕੀਤਾ ਜਾਂਦਾ ਹੈ, ਜਿਸ ਨਾਲ ਪਰਿਵਾਰਕ ਤਣਾਅ ਵਧਦਾ ਹੈ।

ਨਸ਼ੇ ਦੀ ਵਧਦੀ ਸਮੱਸਿਆ ਵੀ ਪਰਿਵਾਰਾਂ ਨੂੰ ਤਬਾਹ ਕਰਨ ਵਾਲਾ ਕਾਰਕ ਬਣਦਾ ਜਾ ਰਿਹਾ ਹੈ। ਨਸ਼ੇ ਨੇ ਭਾਰਤ ਵਿੱਚ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲਗਭਗ 100 ਮਿਲੀਅਨ ਲੋਕ ਨਸ਼ੇ ਦੇ ਆਦੀ ਹਨ ਅਤੇ ਪਿਛਲੇ ਅੱਠ ਸਾਲਾਂ ਵਿੱਚ ਨਸ਼ੇ ਦੀ ਵਰਤੋਂ 70% ਵਧੀ ਹੈ। 10 ਤੋਂ 17 ਸਾਲਾਂ ਦੇ ਲਗਭਗ 15.8 ਮਿਲੀਅਨ ਬੱਚੇ ਨਸ਼ੇ ਦੇ ਆਦੀ ਹੋ ਚੁੱਕੇ ਹਨ। ਨਸ਼ੇ ਪਰਿਵਾਰਕ ਮੈਂਬਰਾਂ ਰਾਹੀਂ ਵੀ ਫੈਲਦੇ ਹਨ । ਬੱਚੇ ਆਪਣੇ ਮਾਪਿਆਂ ਤੋਂ ਪ੍ਰਭਾਵਿਤ ਹੋ ਕੇ ਵੀ ਨਸ਼ਿਆਂ ਦੇ ਆਦੀ ਹੋ ਰਹੇ ਹਨ। ਇਸ ਨਾਲ ਵੀ ਘਰੇਲੂ ਹਿੰਸਾ ਅਤੇ ਤਲਾਕਾਂ ਵਿੱਚ ਵਾਧਾ ਹੋ ਰਿਹਾ ਹੈ।

ਨੌਜਵਾਨਾਂ ਵਿੱਚ ਨਸ਼ੇ ਦੀ ਸ਼ੁਰੂਆਤ 12-14 ਸਾਲਾਂ ਵਿੱਚ ਹੁੰਦੀ ਹੈ ਅਤੇ ਇਹ ਆਰਥਿਕ ਤੰਗੀ ਦੀ ਪੀੜ ਨਾਲ ਜੁੜਦੀ ਹੈ। ਨਸ਼ੇ ਪਰਿਵਾਰਕ ਆਰਥਿਕਤਾ ਨੂੰ ਤਬਾਹ ਕਰਦੇ ਹਨ ਅਤੇ ਰਿਸ਼ਤਿਆਂ ਵਿੱਚ ਤਣਾਅ ਪੈਦਾ ਕਰਦੇ ਹਨ। ਇਹ ਸਮੱਸਿਆ ਬੇਰੁਜ਼ਗਾਰੀ ਅਤੇ ਤਣਾਅ ਨਾਲ ਵਧ ਰਹੀ ਹੈ।

ਇਨ੍ਹਾਂ ਤੋਂ ਇਲਾਵਾ, ਸ਼ਹਿਰੀ ਜੀਵਨ ਦਾ ਤਣਾਅ, ਨੌਕਰੀਆਂ ਦੀ ਅਨਿਸ਼ਚਿਤਤਾ ਅਤੇ ਮਾਪੇ-ਬੱਚੇ ਵਿੱਚ ਸੰਚਾਰ ਦੀ ਕਮੀ ਵੀ ਰਿਸ਼ਤੇ ਕਮਜ਼ੋਰ ਕਰ ਰਹੇ ਹਨ। ਪਰਿਵਾਰਾਂ ਵਿੱਚ ਤਣਾਅ ਅਤੇ ਵਿਵਾਦ ਵਧ ਰਹੇ ਹਨ, ਜਿਸ ਨਾਲ ਬੱਚੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ।

